# اساں دل نوں مرشد جان لیا
# ਅਸਾਂ ਦਿਲ ਨੂੰ ਮੁਰਸ਼ਦ ਜਾਣ ਲਿਆ!

ابرار ندیم
ਅਬਰਾਰ ਨਦੀਮ

# اساں دِل نوں مرشد جان لیا!
# ਅਸਾਂ ਦਿਲ ਨੂੰ ਮੁਰਸ਼ਦ ਜਾਣ ਲਿਆ!

جمشید مسرور (اوسلو، ناروے)
ਜਮਸ਼ੇਦ ਮਸਰੂਰ( ਓਸਲੋ,ਨਾਰਵੇ)

ਅਬਰਾਰ ਨਦੀਮ ਦੀ ਸ਼ਾਇਰੀ ਨਰਮੀ ਨਾਲ਼ ਦਿਲ ਵਿਚ ਉੱਤਰ ਜਾਂਦੀ ਏ। ਓਸੇ ਤਰਹਾਂ ਈ ਜਿਸ ਤਰਂ ਅਬਰਾਰ ਨਦੀਮ ਆਪ ਦਿਲ ਵਿਚ ਉੱਤਰ ਜਾਣ ਦੀ ਸਲਾਹੀਅਤ ਰੱਖਦਾ ਏ। ਏਸ ਤਰਹਾਂ ਦੇ ਸ਼ਾਇਰ ਘੱਟ ਮਿਲਦੇ ਨੇਂ ਜਿਹੜੇ ਆਪਣੇ ਕਲਾਮ ਸਮੇਤ ਦਿਲਬਰ ਹੁੰਦੇ ਨੇਂ। ਬਹੁਤੇ ਸ਼ਾਇਰਾਂ ਦੀਆਂ ਸੂਰਤਾਂ ਉਹਨਾਂ ਦੇ ਕਲਾਮ ਨਾਲ਼ ਲੱਗਾ ਨਹੀਂ ਖਾਂਦੀਆਂ। ਐਥੇ ਸ਼ਾਇਰ ਤੇ ਕਲਾਮ ਦੋਵੇਂ ਇੱਕ-ਮਿੱਕ ਨੇਂ। ਸ਼ਰਾਫ਼ਤ, ਇੱਜ਼ਤ, ਮੁਹੱਬਤ, ਕਲਾਮ-- ਬੱਸ ਇੱਕ ਬੁੱਤ ਏ ਜਿਹੜਾ ਸਾਹਮਣੇ ਬਹਿ ਜਾਂਦਾ ਏ ਤੇ ਫ਼ਿਰ ਭਾਵੇਂ ਉਹਨੂੰ ਵੇਖੋ ਤੇ ਭਾਵੇਂ ਉਹਦਾ ਕਲਾਮ ਸੁਣੋ। ਅਬਰਾਰ ਨਦੀਮ ਨੇ ਸ਼ਿਅਰ ਦੀ ਦੁਨੀਆ ਵਿਚ ਅਪਣਾ ਮੁਕਾਮ ਆਪਣੇ ਸ਼ਿਅਰ ਦੀ ਵਜ੍ਹਾ ਨਾਲ਼ ਪਾਇਆ ਏ। ਉਹ ਦਿਲ ਦੀਆਂ ਗੱਲਾਂ ਚੱਲਦੀ ਹਵਾ ਵਿਚੋਂ ਕਸ਼ੀਦ ਕਰ ਲੈਂਦਾ ਏ ਜਿਹੜੀਆਂ ਘਾਹ ਤੇ ਵਿਛੀ ਗੁਲਾਬੀ ਧੁੱਪ ਵਰਗੀਆਂ ਹੁੰਦਿਆਂ ਨੇਂ।
ਅਬਰਾਰ ਨਦੀਮ ਦਾ ਕਲਾਮ ਉਹ ਜਾਦੂ ਏ ਜਿਹੜਾ ਬਚਪਨ ਦੇ ਮੁਹੱਲੇ ਦੀਆਂ ਗਲੀਆਂ ਵਿਚ ਸ਼ਾਮਾਂ ਵੇਲੇ ਕਿਸੇ ਹਨੇਰੀ ਨੁੱਕਰ ਤੇ ਯਾ ਕਿਸੇ ਉਸ ਜ਼ਮਾਨੇ ਦੇ ਸੋਹਣਿਆਂ ਲੋਕਾਂ ਦੇ ਥੜੇ ਉੱਤੇ ਆ ਬਹਿੰਦਾ ਏ ਤੇ ਸਾਰੀ ਰਾਤ ਹਰ ਪਾਸੇ ਚਲਦੇ। ਫ਼ਿਰ ਅਬਰਾਰ ਨਦੀਮ ਇਸੇ ਨੁੱਕਰੇ,ਕਿਸੇ ਉਸੇ ਥੜੇ ਤੇ ਜਾ ਬਹਿੰਦਾ ਏ ਤੇ ਆਪਣੇ ਆਪ ਨਾਲ਼ ਕਲਾਮ ਕਰਦਾ ਏ। ਉਹਦਾ ਕਲਾਮ ਭਾਂਵੇਂ ਆਪਣੇ ਨਾਲ਼ ਲੈ ਜਾਵੇ ਤੇ ਭਾਵੇਂ ਧਰਤੀ ਵਿਚੋਂ ਸੁਬ੍ਹਾ ਦੇ ਸੂਰਜ ਵਾਂਗੂੰ ਉੱਗ ਪਵੇ ।
ਅਬਰਾਰ ਕਿਡੇ ਸੋਹਲ ਲਹਿਜੇ ਨਾਲ਼ ਕਹਿੰਦਾ ਏ:

ਇਕੋ ਵਾਰੀ ਫ਼ਰਜ਼ ਤੇ ਨਈਂ ਨਾਂ
ਇਸ਼ਕ ਦੁਬਾਰਾ ਹੋ ਸਕਦਾ ਏ

ਕਹਿਣ ਨੂੰ ਤੇ ਉਹ ਇਹ ਗੱਲ ਕਹਿ ਗਿਆ ਏ ਪਰ ਇਹ ਕੰਮ ਏਡਾ ਸੌਖਾ ਲਗਦਾ ਨਹੀਂ ਤੇ ਇਹ ਪਰਤ ਏਸ ਸ਼ਿਅਰ ਦੀ ਕਈ ਪਰਤਾਂ ਵਿਚੋਂ ਇੱਕ ਪਰਤ ਏ। ਉਂਞ ਤੇ ਇਹ ਪੂਰੀ ਗ਼ਜ਼ਲ ਈ ਪੜ੍ਹਨ ਵਾਲੀ ਏ ਤੇ ਸੌਖੀ ਏ (ਮੈਂ ਸਹਿਲ-ਏ-ਮੁਮਤਨਾ ਦਾ ਤਰਜਮਾ ਸੌਖਾ/ਸੌਖੀ ਕਰ ਲਿਆ ਏ) ਪਰ ਜੇ ਕਹਿਣ ਬੈਠੋ ਤੇ ਪੈਂਡਾ ਔਖਾ ਹੋ ਜਾਂਦਾ ਏ

ਖੋਲ ਨਾ ਪਿਛਲੇ ਖਾਤੇ ਸਾਰੇ
ਹੋਰ ਖਲਾਰਾ ਹੋ ਸਕਦਾ ਏ

ਇਹ ਸ਼ਿਅਰ ਉਹੋ ਸ਼ਾਇਰ ਈ ਕਹਿ ਸਕਦਾ ਏ ਜਿਹੜਾ ਦੁਨੀਆ ਵਿਚ ਗੁੰਝਲਾਂ ਖੋਲਣ ਆਇਆ ਏ। ਅਬਰਾਰ ਨਦੀਮ ਗ਼ਜ਼ਲਾਂ ਤੇ ਨਜ਼ਮਾਂ ਦੋਵੇਂ ਸੋਹਣੀਆਂ ਤੇ ਸੁਥਰੀਆਂ ਲਿਖਦਾ ਏ। ਐਵੇਂ ਆਪਣੇ ਕਲਾਮ ਤੇ "ਅਸਲੀ ਤੇ ਵੱਡੀ" ਪੰਜਾਬੀ ਦੀ ਮੁਹਰ ਲਵਾਣ ਵਾਸਤੇ,ਵਹਿਸ਼ੀ ਅਜਨਬੀ ਲਫ਼ਜ਼ ਲੱਭ ਲੱਭ ਕੇ ਇਸਤੇਮਾਲ ਨਈਂ ਕਰਦਾ। ਉਹੋ ਈ ਮਿੱਠੀ ਤੇ ਸੁਲੱਖਣੀ ਆਮ ਬੋਲ-ਚਾਲ ਦੀ ਪੰਜਾਬੀ ਲਿਖਦਾ ਜਿਹੜੀ ਪੜ੍ਹ ਕੇ ਦਿਲ ਨੂੰ ਸ਼ਾਂਤ ਕਰੇ ਤੇ ਜਿਹਨੂੰ ਪੜ੍ਹਕੇ ਉਠ ਨੱਸਣ ਤੇ ਦਿਲ ਨਾ ਕਰੇ। ਨਾਂ ਈ ਅਬਰਾਰ ਨਦੀਮ ਇੱਕ ਐਂਟੀ ਕਲਾਇਮਕਸ ਆਵਾਜ਼ ਵਾਲੇ ਗਵੀਏ ਦੀ ਤਰਾਂ ਆਪਣੇ ਆਪ ਨੂੰ ਕਿਸੇ ਉਲਟੇ ਸਿੱਧੇ ਜਜ਼ਬੇ ਦਾ ਸਫ਼ੀਰ ਮਸ਼ਹੂਰ ਕਰਦਾ। ਹਾਂ ਇਹ ਪਿਆਰ ਦਾ ਏਲਚੀ ਜ਼ਰੂਰ ਏ ਉਹ ਪਿਆਰ ਦੀਆਂ ਗੱਲਾਂ ਈ ਕਰਦਾ ਜਿਹੜੀਆਂ ਨੀਲੇ ਅੰਬਰ ਵਾਂਗੂੰ ਕਾਇਮ ਤੇ ਨੇਂ।
ਇਹ ਹਾਰਨ ਤੋਂ ਡਰਦਾ ਨਹੀਂ,ਹਾਰ ਵੀ ਜਾਂਦਾ ਤੇ ਆਪਣੀ ਹਾਰ ਮੰਨ ਵੀ ਲੈਂਦਾ। ਹਾਰਣ ਵਾਲੇ ਨੂੰ ਇਹ ਫ਼ਜ਼ੀਲਤ ਹਾਸਿਲ ਹੁੰਦੀ ਏ ਕਿ ਉਹ ਨੱਸਦਾ ਨਹੀਂ।

ਆਪਣੀ ਨਜ਼ਮ ਹਾਰ ਵਿਚ ਉਹ ਕਹਿੰਦਾ ਏ

ਇਹ ਨਹੀਂ ਕਿ ਮੈਂ ਹਰ ਨਹੀਂ ਸਕਦਾ
ਹਰ ਸਕਨਾ ਵਾਂ!
ਸੋ ਵਾਰੀ ਮੈਂ ਹਰਿਆ ਵੀ ਆਂ
ਪਰ ਮੈਂ ਉਹ ਸਾਂ
ਜਿਨੂੰ ਰੱਬ ਦੀ ਜ਼ਾਤ ਦੇ ਮਗਰੋਂ
ਮਾਣ ਸੀ ਆਪਣੀ ਹਿੰਮਤ ਦਾ
ਹਿੰਮਤ ਜਜ਼ਬੇ ਆਪਣੀ ਥਾਵੇਂ
ਜਿੱਤਣ ਦੀ ਮੈਂ ਸੌਂਹ ਨਹੀਂ ਖਾਂਦਾ
ਜਿੱਤਦਾ ਜਿੱਤਦਾ ਕਿੰਨੀ ਵਾਰੀ ਖ਼ਵਰੇ ਹਰਿਆ ਹੋਵਾਂਗਾ
ਪਰ ਏਸ ਗੱਲ ਦੀ ਸੌਂਹ ਏ ਮੈਨੂੰ
ਜੇ ਮੈਂ ਹਾਰ ਦਾ ਮੁਖੜਾ ਤੱਕਕੇ
ਕਿਧਰੇ ਡਰਿਆ ਹੋਵਾਂਗਾ
ਜਿੰਨੇ ਜੋਗਾ ਵੀ ਮੈਂ ਹੈ ਸਾਂ
ਲੜਦਾ ਸਾਂ ਤੇ ਰੱਜ ਕੇ ਲੜਿਆਂ
ਆਪਣੀ ਹਿਮਤੋਂ ਵੱਧਕੇ ਲੜਿਆਂ
ਬੱਦਲਾਂ ਵਾਂਗੂੰ ਗੱਜ ਕੇ ਲੜਿਆਂ
ਲੜਿਆਂ ਤੇ ਹਿੱਕ ਡਾਹਕੇ ਲੜਿਆਂ
ਹੱਥਾਂ ਚ ਹੱਥ ਪਾ ਕੇ ਲੜਿਆਂ
ਵੈਰੀ ਤੇਜ਼ ਹਵਾਵਾਂ ਨਾਲ਼
ਹਿਰਸ ਹਵਸ ਚ ਅੰਨ੍ਹਿਆਂ ਹੋਕੇ
ਚੜ੍ਹਿਆਂ ਲਾਲ਼ ਘਟਾਵਾਂ ਨਾਲ਼
ਵੇਲੇ ਵਾਂਗੂੰ ਰੋਜ਼ ਬਦਲਦੇ
ਦੁਨੀਆਦਾਰ ਭਰਾਵਾਂ ਨਾਲ਼
ਰੱਬ ਦੀ ਕੁੱਲ ਖ਼ੁਦਾਈ ਅੰਦਰ
ਕਹਿਰ ਦੀ ਅੱਤ ਦੁਹਾਈ ਅੰਦਰ
ਹੱਕ ਦੀ ਏਸ ਲੜਾਈ ਅੰਦਰ
ਕਸਮੇਂ ਸੋਹਣੇ ਰੱਬ ਦੀ ਕਸਮੇ
ਮੈਂ ਨਹੀਂ ਵੇਖੇ ਘੁੱਪ ਹਨ੍ਹੇਰੇ
ਮੈਂ ਨਹੀਂ ਜਾਣੇ ਰਾਹ ਦੇ ਪੱਥਰ

ਮੈਂ ਨਹੀਂ ਸਮਝੇ ਜੰਗਲ਼ ਬੇਲੇ
ਪਰ ਹੁਣ ਇੰਝ ਏ
ਹੁਣ ਮੈਥੋਂ ਇਹ ਥੱਕੀਆਂ ਟੁੱਟੀਆਂ ਬਾਂਹਵਾਂ ਲੈਕੇ
ਛਾਲੇ ਛਾਲੇ ਪੈਰਾਂ ਦੇ ਨਾ਼ਲ
ਕੰਡਿਆਂ ਭਰੀਆਂ ਰਾਹਵਾਂ ਉਤੇ
ਹੋਰ ਟੁਰਣ ਨਹੀਂ ਹੁੰਦਾ
ਕੱਚੀ ਕੰਧ ਦੀ ਮਿੱਟੀ ਵਾਂਗੂੰ
ਰੋਜ਼ ਭੁਰਣ ਨਹੀਂ ਹੁੰਦਾ
ਅੱਜ ਮੈਂ ਆਪਣੇ ਮੂੰਹੋਂ ਮੰਨਨਾਂ
ਵਰ੍ਹਿਆਂ ਦੀ ਏਸ ਜੰਗ ਦੇ ਅੰਦਰ
ਹਿੰਮਤਾਂ ਦੇ ਸਿਰ ਲੜਦਾ ਲੜਦਾ
ਬੇਹਿੰਮਤੀ ਦੇ ਸਿਰ ਦੇ ਉਤੋਂ
ਸਾਰੇ ਜਜ਼ਬੇ ਵਾਰ ਗਇਆਂ
ਕਿਸਮਤ ਨਾ਼ਲ ਲੜਾਈ ਕਰਦਾ
ਲੋਕਾਂ ਅੱਗੇ ਹਾਰ ਗਇਆਂ

ਅਬਰਾਰ ਨਦੀਮ ਨਜ਼ਮ ''ਸੋਹਣੀ'' ਚ ਸੋਹਣੀ ਨੂੰ ਇੱਕ ਨਵੇਂ ਜ਼ਾਵੀਏ ਨਾ਼ਲ ਸਾਹਮਣੇ ਲਿਆਂਦਾ ਪਰ ਕੋਈ ਹਤਮੀ ਫ਼ੈਸਲਾ ਕਰਨ ਤੋਂ ਪਹਿਲਾਂ ਉਹਨੂੰ ਅੱਧੀ ਪਾਗਲ ਕਹਿ ਕੇ ਉਹਨੂੰ ਨਿਕਲਣ ਦਾ ਰਸਤਾ ਵੀ ਦੇ ਦਿੰਦਾ ਏ। ਇਹ ਅਬਰਾਰ ਨਦੀਮ ਦੀ ਫ਼ਿਤਰੀ ਸ਼ਰਾਫ਼ਤ ਦੀ ਦਲੀਲ ਏ।

ਅਬਰਾਰ ਨਦੀਮ ਮਿੱਠੀਆਂ ਮਿੱਠੀਆਂ ਗ਼ਜ਼ਲਾਂ ਵੀ ਕਹਿੰਦਾ ਏ ਪੁਰ-ਅਜ਼ਮ ਨਜ਼ਮਾਂ ਵੀ ਲਿਖਦਾ ਏ ਤੇ ਵਿਛੜੇ ਸੱਜਣਾਂ ਨੂੰ ਵੀ ਯਾਦ ਕਰਦਾ। ਉਹਦੀ ਨਜ਼ਮ ''ਯਾਰਾਂ ਨਾ਼ਲ ਬਹਾਰਾਂ '' ਵੇਖੋ:

ਸ਼ਾਮਾਂ ਵੇਲੇ
ਜਦ ਕਦਾਈਂ ਫ਼ਾਰਗ਼ ਬਹਿਣਾ
ਸੋਚਦੇ ਕਬਰਸਤਾਨਾਂ ਅੰਦਰ
ਮੈਨੂੰ ਮੇਰੇ ਸੱਜਣ ਬੈਲੀ
ਅਕਸਰ ਚੇਤੇ ਆਂਦੇ ਨੇਂ

ਜਿਨ੍ਹਾਂ ਨੂੰ ਮੈਂ ਜਾਨ ਤੋਂ ਵੱਧ ਕੇ ਪਿਆਰਾ ਸਾਂ
ਜਿਹੜੇ ਮੇਰੇ ਨਾਲ਼ ਮਰਣ ਤੇ ਜੀਣ ਦਾ ਦਾਅਵਾ ਕਰਦੇ ਸੀ
ਉਹੋ ਸਾਰੇ ਸੱਜਣ ਬੈਲੀ
ਆਪਣੇ ਕੌਲ ਕਰਾਰੋਂ ਫਿਰਕੇ
ਏਸ ਦੁਨੀਆ ਦੀ ਭੀੜ ਚ ਮੈਨੂੰ ਪਿੱਛੇ ਛੱਡਕੇ
ਆਪਣੇ ਆਪਣੇ ਸੁੱਖ ਦੀ ਖ਼ਾਤਿਰ
ਮੇਰੇ ਬਾਝੋਂ,ਮੈਥੋਂ ਪਹਿਲੋਂ
ਆਪਣੀ ਆਪਣੀ ਨੁੱਕਰ ਮੱਲ ਕੇ
ਧਰਤੀ ਦੀ ਚਾਦਰ ਦੇ ਥੱਲੇ
ਲੰਮੀ ਤਾਨ ਕੇ ਸੌਂ ਗਏ ਨੇਂ

ਵਫ਼ਾ ਦਾ ਏਸ ਤੋਂ ਸੋਹਣਾ ਗੀਤ ਕੌਣ ਲਿਖ ਸਕਦਾ ਏ?

پنجابی شاعری وچ تازہ ہوا دا جھونکا
ਪੰਜਾਬੀ ਸ਼ਾਇਰੀ ਵਿਚ ਤਾਜ਼ਾ ਹਵਾ ਦਾ ਝੌਂਕਾ

محمد احسن راجا
ਮੁਹੰਮਦ ਅਹਿਸਨ ਰਾਜਾ

ਇਹਨੂੰ ਵਕਤ ਦਾ ਜਬਰ ਆਖਾਂ ਯਾ ਕਰਨੀ ਦਾ ਫੱਲ ਕਿ ਅੱਜ ਸਾਨੂੰ ਮਾਂ ਬੋਲੀ ਵੀ ਓਪਰੀ ਜਾਪਦੀ ਏ। ਜਦੋਂ ਦੇਸੀ ਬਦੇਸੀ ਬੋਲ-ਚਾਲ ਤੇ ਅਖਾਣ ਰਹਿਤਲ ਵਿਚ ਰਸ ਬੱਸ ਗਏ ਨੇਂ ਫ਼ਿਰ ਸੱਚੀ ਤੇ ਸੱਜਰੀ ਮਾਂ ਬੋਲੀ ਕੰਨਾਂ ਵਿਚ ਰਸ ਕਿਥੋਂ ਘੋਲੇ। ਬੱਸ ਸੂਫ਼ੀਆਨਾ ਕਲਾਮ ਤੇ ਬਜ਼ੁਰਗਾਂ ਦੀਆਂ ਗੱਲਾਂ ਨਾਲ਼ ਈ ਕੰਮ ਚਲਾਓ। ਸਾਡਾ ਕੋਈ ਵੱਡਾ ਅਖ਼ਬਾਰ ਮਾਂ ਬੋਲੀ ਵਿਚ ਨਹੀਂ ਆਂਦਾ ਗਿਣਤੀ ਦੇ ਰਸਾਲੇ ਤੇ ਰੇਡੀਓ ਦੇ ਵਿਰਲੇ ਵਿਰਲੇ ਪ੍ਰੋਗਰਾਮ ਕੀ ਕਰਨ। ਇਸੇ ਹਾਲਾਤ ਵਿਚ ਪੰਜਾਬ ਦੇ ਸਪੂਤ ਅਬਰਾਰ ਨਦੀਮ ਹੋਰਾਂ ਦੀ ਸ਼ਾਇਰੀ ਗ਼ਨੀਮਤ ਏ। ਉਨ੍ਹਾਂ ਦਾ ਕਲਾਮ ਤੇ ਪੰਜਾਬੀ ਜ਼ਬਾਨ ਦੀ ਸੇਵਾ ਤਾਰੀਫ਼ ਦੇ ਲਾਇਕ ਏ। ਪੜ੍ਹਨ ਵਾਲੇ ਉਹਦਾ ਖਿੜੇ ਮੱਥੇ ਨਾਲ਼ ਇਸਤਕਬਾਲ ਕਰਣਗੇ। ਅਬਰਾਰ ਨਦੀਮ ਹੋਰਾਂ ਦੀ ਸ਼ਾਇਰੀ ਤੇ ਉਨ੍ਹਾਂ ਦੇ ਅਹਿਸਾਸ ਤੇ ਤਜਰਬੇ ਦਾ ਭਰਵਾਂ ਰੰਗ ਦਿਸਦਾ ਏ। ਏਸ ਨਫ਼ਸਾ ਨਫ਼ਸੀ ਦੇ ਵੇਲੇ ਉਹ ਉਨ੍ਹਾਂ ਪੀੜਾਂ ਦਾ ਦੁਖੜਾ ਫੋਲਦੇ ਨੇਂ ਜਿਹੜੇ ਅਜ਼ਲਾਂ ਤੋਂ ਦਰਪੇਸ਼ ਨੇਂ। ਇਸ਼ਕ ਤੇ ਮੁਹੱਬਤ ਦਾ ਖੈਹੜਾ ਭਲਾ ਕੋਈ ਕਿਵੇਂ ਛੱਡੇ ਉਹ ਕਹਿੰਦੇ ਨੇ:

ਇਕੋ ਵਾਰੀ ਫ਼ਰਜ਼ ਤੇ ਨਹੀਂ ਨਾਂ
ਇਸ਼ਕ ਦੁਬਾਰਾ ਹੋ ਸਕਦਾ ਏ

ਉਹਨਾਂ ਦੀ ਸ਼ਾਇਰੀ ਵਿਚ ਕਦੀਮ ਰੰਗ ਦੀ ਝਲਕ ਵੀ ਜਾਪਦੀ ਏ। ਇਕ ਐਸੇ ਨਾਜ਼ੁਕ ਵਕਤ ਵਿਚ ਜਦੋਂ ਪੁਰਾਣੀਆਂ ਕਦਰਾਂ ਦਮ ਤੋੜ ਰਹੀਆਂ ਨੇਂ ਇਹਨਾਂ ਕਦਰਾਂ ਤੇ ਰੀਤਾਂ ਨਾਲ਼ ਨਵੇਂ ਰੁੱਤ ਤੇ ਵੇਲੇ ਨਾਲ਼ ਚੱਲਣ ਦਾ ਸੰਦੇਸ਼ ਅਬਰਾਰ ਨਦੀਮ ਦੀ ਸ਼ਾਇਰੀ ਦਾ ਰੌਸ਼ਨ ਮੁਖੜਾ ਏ। ਇਹ ਸ਼ਾਇਰੀ ਪੰਜਾਬ ਦੇ ਇਕ ਐਸੇ ਗ਼ੈਰਤਮੰਦ ਗਭਰੂ ਦਾ

ਅਹਿਸਾਸ ਏ ਜਿਹਦੇ ਵਿਚ ਗ਼ੈਰਤ ਤੇ ਹਮੇਤ ਦੀ ਪਰਛਾਇਆਂ ਛਾਂ ਕਰਦੀਆਂ ਨਜ਼ਰ ਆਂਦਿਆਂ ਨੇਂ। ਮੈਨੂੰ ਆਸ ਏ ਬਈ ਅਬਰਾਰ ਨਦੀਮ ਦਾ ਇਹ ਮਜਮੂਆ ਕਲਾਮ ਪੰਜਾਬੀ ਸ਼ਾਇਰੀ ਵਿਚ ਤਾਜ਼ਾ ਹਵਾ ਦਾ ਝੌਂਕਾ ਸਾਬਿਤ ਹੋਵੇਗਾ ਜੋ ਪੜ੍ਹਨ ਵਾਲਿਆਂ ਦੀਆਂ ਸਧਰਾਂ ਤੇ ਉਮੀਦਾਂ ਤੇ ਪੂਰਾ ਉੱਤਰੇਗਾ। ਐਸ ਲਈ ਉਹ ਬਜਾ ਤੌਰ ਤੇ ਵਧਾਈ ਦੇ ਹੱਕਦਾਰ ਨੇਂ ।

## کجھ اکھر اپنے ولوں
## ਕੁਝ ਅੱਖਰ ਆਪਣੇ ਵੱਲੋਂ

ابرار ندیم
ਅਬਰਾਰ ਨਦੀਮ

ਇਹ ਅੱਜ ਤੋਂ ਘੱਟੋ-ਘੱਟ ਕੋਈ ਪੰਝੀ ਛੱਬੀ ਵਰ੍ਹੇ ਪੁਰਾਣੀ ਗੱਲ ਹੋਣੀ ਏ ਜਦੋਂ ਮੈਂ ਪਹਿਲੀ ਵਾਰੀ ਸੁਣਿਆ ਬਈ ਰਾਂਝੇ ਨੇ ਹੀਰ ਦੀ ਖ਼ਾਤਿਰ ਬਾਰਾਂ ਸਾਲ ਮਝਾਂ ਚਾਰੀਆਂ। ਸੱਚੀ ਗੱਲ ਏ ਇਹ ਸੁਣ ਕੇ ਹੈਰਤ ਨਾਲ਼ ਮੇਰੀ ਜੀਭ ਦੰਦਾਂ ਥੱਲੇ ਆ ਗਈ ਬਈ ਮੌਜੂ ਜੱਟ ਦਾ ਚਾਵਾਂ ਤੇ ਲਾਡਾਂ ਚੇ ਪਲ਼ਿਆ ਉਹ ਮੁੰਡਾ ਜਿਹਨੇ ਤਖ਼ਤ ਹਜ਼ਾਰੇ ਸਿਵਾਏ ਵੰਝਲੀ ਵਜਾਣ ਦੇ ਕਦੀ ਕੱਖ ਈ ਭੰਨ ਕੇ ਦੋਹਰਾ ਨਹੀਂ ਸੀ ਕੀਤਾ। ਉਹ ਧੀਦੋ ਰਾਂਝਾ ਇੱਕ ਹੀਰ ਦੇ ਪਿੱਛੇ ਉਹਦੇ ਪਿਓ ਦਾ ਕਾਮਾ ਬਣਕੇ ਪੂਰੇ ਬਾਰਾਂ ਸਾਲ ਮੱਝਾਂ ਚਾਰਦਾ ਰਿਹਾ। ਬਾਰਾਂ ਸਾਲ ਇੱਕ ਅਰਸਾ ਨਹੀਂ ਬਹੁਤ ਵੱਡਾ ਅਰਸਾ ਹੁੰਦਾ ਏ। ਤੇ ਜੇ ਕੋਈ ਇਹਨਾਂ ਬਾਰਾਂ ਵਰ੍ਹਿਆਂ ਦੀ ਮਹੀਨਿਆਂ, ਦਿਨਾਂ ਤੇ ਘੜੀਆਂ ਚ ਗਿਣਤੀ ਕਰੇ ਤੇ ਉਹਨੂੰ ਪਤਾ ਚਲੇ ਬਈ ਕਿਸੇ ਦੀ ਚਾਕਰੀ ਵਿਚ ਬਾਰਾਂ ਸਾਲ ਕਢਣਾ ਸੌਖਾ ਕੰਮ ਨਹੀਂ ਹੁੰਦਾ। ਖ਼ਾਸ ਤੌਰ ਤੇ ਉਨ੍ਹਾਂ ਲੋਕਾਂ ਲਈ ਜਿਹੜੇ ਹਰ ਸ਼ੈ ਨੂੰ ਮਾਦੀ ਹਵਾਲੇ ਨਾਲ਼ ਨਫ਼ੇ ਨੁਕਸਾਨ ਦੀ ਤਕੜੀ ਚ ਤੋਲਣ ਦੇ ਆਦੀ ਨੇਂ।

ਸਾਧੂ,ਸੰਤਾਂ,ਜੋਗੀ,ਫ਼ਕੀਰਾਂ,ਦਰਵੇਸ਼ਾਂ ਤੇ ਆਸ਼ਕਾਂ ਦੀ ਗੱਲ ਵੱਖਰੀ ਏ। ਕਿਉਂਜੇ ਇਨ੍ਹਾਂ ਦੇ ਹਿਸਾਬ ਕਿਤਾਬ ਤੇ ਅੰਦਾਜ਼ ਉਦੋਂ ਵੀ ਵੱਖਰੇ ਸਨ ਤੇ ਅੱਜ ਵੀ ਨਿਰਾਲੇ ਨੇਂ। ਇਹਦੇ ਵਿਚ ਕੀ ਭੇਤ ਏ? ਇਹ ਰਾਜ਼ ਕਿਸੇ ਦਿਲ ਵਾਲੇ ਨੂੰ ਸਮਝ ਆਵੇ ਤੇ ਆਵੇ ਤਾਜਰਾਂ ਤੇ ਸਾਹੂਕਾਰਾਂ ਦੀ ਸਮਝ ਵਿਚ ਨਹੀਂ ਆ ਸਕਦਾ। ਏਸ ਲਈ ਬਈ ਇਨ੍ਹਾਂ ਦੋਵਾਂ ਧਿਰਾਂ ਦੇ ਨੇੜੇ ਨਫ਼ੇ ਤੇ ਨੁਕਸਾਨ ਦੀ ਵੱਖੋ ਵੱਖ ਤਆਰੀਫ਼ ਏ।

ਹੱਡ ਬੀਤੀ ਦੱਸਾਂ ਤੇ ਇਹ ਉਦੋਂ ਦੀ ਗੱਲ ਏ, ਜਦੋਂ ਰਾਜਪੂਤਾਂ ਦਾ ਇਹ ਵਿਗੜਿਆ ਮੁੰਡਾ ਖ਼ਾਹਿਸ਼ਾਂ ਦੇ ਮੂੰਹ ਜ਼ੋਰ ਘੋੜੇ ਤੇ ਸਵਾਰ ਸੀ ਤੇ ਇਹਦੀਆਂ ਅੱਖੀਆਂ ਤੇ ਅਜੇ ਆਪਣੀ ਜ਼ਾਤ ਦੇ ਗ਼ਰੂਰ ਦੀ ਪੱਟੀ ਬੜੀ ਕੱਸ ਕੇ ਬੰਨ੍ਹੀ ਸੀ। ਯਾਰਾਂ ,ਬੇਲੀਆਂ ਤੇ ਸੱਜਣਾਂ ਦੇ ਨਾਲ਼ ਜ਼ਿੰਦਗੀ ਮੂਨਾ

ਵਾਪਡਾ ਕਾਲੋਨੀ ਭਲਵਾਲ ਚ ਆਪਣੇ ਘਰ, ਚਾਚੇ ਨਜ਼ਰੇ ਦੀ ਕੈਨਟੀਨ,ਨਹਿਰ ਦੀ ਪਟਰੀ,ਚਾਂਦਨੀ ਚੌਂਕ,ਚਾਂਦਨੀ ਚੌਂਕ ਦੇ ਨੇੜੇ ਕ੍ਰਿਕਟ ਗਰਾਊਂਡ ਤੇ ਕਾਲੋਨੀ ਦੀ ਨਿੱਕੀ ਜਿਹੀ ਮਸੀਤ ਤੋਂ ਲੈਕੇ ਸਕੂਲ ਦੀ ਬੱਸ ਤੇ ਸ਼ਹਿਰ ਵਿਚ ਸਕੂਲ ਤੀਕਰ ਮਹਿਦੂਦ ਸੀ। ਜ਼ਿੰਦਗੀ ਦੀ ਹਕੀਕਤ ਨਾਲ਼ ਅਜੇ ਵਾਹ ਨਹੀਂ ਸੀ ਪਿਆ। ਰੱਬ ਦੀ ਮਿਹਰ ਤੇ ਕਰਮ ਨਾਲ਼ ਅੱਖੀਆਂ ਨੂੰ ਠਾਰਣ ਤੇ ਦਿਲ ਨੂੰ ਗਰਮਾਵਣ ਵਾਲੇ ਮਾਪੇ, ਰਿਸ਼ਤੇ ਨਾਤੇ ,ਭੈਣ ਭਰਾਵਾਂ ਤੇ ਸੱਜਣਾਂ ਬੇਲੀਆਂ ਨਾਲ਼ ਹਰ ਪਾਸੇ ਸੱਤ ਰੰਗੇ ਚਆ ,ਸੁਖ ਤੇ ਖ਼ੁਸ਼ੀਆਂ ਸਨ। ਦਿਲ ਵਿਚ ਨਿੱਤ ਨਵੇਂ ਚਾਵਾਂ ਦਾ ਸ਼ੌਕ ਵੀ ਸੀ ਤੇ ਇਹ ਚਆ ਪੂਰੇ ਕਰਣ ਦਾ ਜੋਸ਼ ਵੀ। ਲਾ ਉਬਾਲੀਪਨ ਦੀ ਇਕ ਵੱਖਰੀ ਜਿਹੀ ਦੁਨੀਆ ਸੀ ਜਿਹਦੇ ਵਿਚ ਯਾਰਾਂ ਬੇਲੀਆਂ ਦੇ ਨਾਲ਼ ਮਰਜ਼ੀ ਦੇ ਦਿਨ ਤੇ ਮਰਜ਼ੀ ਦੀਆਂ ਰਾਤਾਂ ਸਨ । ਰਾਤੀਂ ਦੇਰ ਤੱਕ ਖੁੱਲੇ ਅਸਮਾਨ ਦੇ ਥੱਲੇ ਤਾਰਿਆਂ ਦੀ ਛਾਵੇਂ ਸੱਜਣਾਂ ਬੇਲੀਆਂ ਨਾਲ਼ ਬੇਫ਼ਿਕਰੀ ਦੇ ਹਾਸੇ ਤੇ ਲੰਮੀਆਂ ਲੰਮੀਆਂ ਬੇ-ਮਕਸਦ ਗੱਲਾਂ ਬਾਤਾਂ ਸਨ। ਨਵੀਂ ਨਵੀਂ ਜਵਾਨੀ ਦੇ ਖ਼ੁਮਾਰ ਨੇ ਖ਼ਾਬਾਂ ਤੇ ਖ਼ਿਆਲਾਂ ਦੇ ਅੱਧ ਅਸਮਾਨੀ ਉੱਚੇ ਪੰਘੂੜੇ ਤੇ ਇੰਝ ਚਾੜ੍ਹਿਆ ਹੋਇਆ ਸੀ ਜਿਥੇ ਆਪਣੀ ਜ਼ਾਤ ਤੋਂ ਬਾਹਰ ਹੋਰ ਕੋਈ ਦਿਸਦਾ ਸੀ ਤੇ ਨਾ ਵੇਖਣ ਦੀ ਖ਼ਾਹਿਸ਼ ਸੀ। ਪਰ ਹੋਣੀ ਨੂੰ ਕੋਈ ਕਿਨਾ ਕੂ ਚਿਰ ਡੱਕ ਸਕਦਾ ਏ? ਹੋਣੀ ਜਦੋਂ ਅਪਣਾ ਦਾਅ ਖੇਡਣ ਤੇ ਆਂਦੀ ਏ ਤੇ ਫ਼ਿਰ ਕਿਸੇ ਕੋਲੋਂ ਪੁੱਛਦੀ ਥੋੜਾ ਏ । ਇਹ ਹੋਣੀ ਕਦੋਂ,ਕਿੱਥੇ ਤੇ ਕਿਸ ਸ਼ਕਲ ਵਿਚ ਬੰਦੇ ਤੇ ਅਪਣਾ ਵਾਰ ਕਰਦੀ ਏ? ਕੋਈ ਕੁਝ ਨਹੀਂ ਆਖ ਸਕਦਾ। ਐਂਵੇਂ ਇੱਕ ਦਿਨ ਚੰਗੇ ਭਲੇ, ਹੱਸਦੇ ਖੇਡੇ ਬੰਦੇ ਦੀ ਸਾਰੀ ਆਕੜ ਤੇ ਫੂੰ ਫਾਂ ਕੱਢ ਕੇ ਉਹਨੂੰ ਬਾਦਸ਼ਾਹੋਂ ਫ਼ਕੀਰ,ਇੱਜ਼ਤ ਬੈਗ ਤੋਂ ਮਹੀਂਵਾਲ ਤੇ ਧੀਦੋ ਤੂੰ ਰਾਂਝਾ ਬਣਾ ਦੇਂਦੀ ਏ।

ਮੈਨੂੰ ਚੰਗੀ ਤਰਹਾਂ ਚੇਤੇ ਨਹੀਂ ਖ਼ਵਰੇ ਕਿਹੜਾ ਸਨ, ਮਹੀਨਾ,ਦਿਨ ਤੇ ਕਿਹੜੀ ਘੜੀ ਸੀ ਜਦੋਂ ਇਹ ਹੋਣੀ ਆਪਣੇ ਨਾਲ਼ ਵੀ ਵਰਤ ਗਈ ਤੇ ਸਾਡੇ ਕੋਲੋਂ ਸਾਡੇ ਹੋਣ ਦਾ ਅਹਿਸਾਸ ਖੋ ਕੇ ਸਾਨੂੰ ਇੱਕ ਐਸੇ ਪੈਂਡੇ ਪਾ ਗਈ ਏ ਜਿਥੇ ਅਪਣਾ ਆਪ ਲੱਭਣ ਲਈ ਗਵਾਚਣਾ ਪੈ ਗਿਆ,ਤੇ ਫ਼ਿਰ ਇਕ ਲੰਮੇ ਅਰਸੇ ਤੱਕ ਇਧਰ ਉਧਰ ਟੱਕਰਾਂ ਮਾਰਣ ਮਗਰੋਂ ਥੱਕ ਹਾਰਕੇ ਜਦੋਂ ਆਪਣੇ ਮਨ ਅੰਦਰ ਝਾਤੀ ਮਾਰੀ ਤੇ ਪਤਾ ਲੱਗਾ ਬਈ ਸਾਡੇ ਦੁੱਖਾਂ,ਦਰਦਾਂ, ਪੀੜਾਂ ਤੇ ਰੋਗਾਂ ਦਾ ਦਾਰੂ ਬਾਹਰ ਕਿਸੇ

ਹੋਰ ਕੋਲ਼ ਨਹੀਂ ਸਾਡੇ ਆਪਣੇ ਦਿਲ ਚ ਤੇ ਆਪਣੇ ਕੋਲ਼ ਏ। ਬੱਸ ਉਸੇ ਦਿਨ ਤੋਂ ਆਪਣੇ ਦਿਲ ਨੂੰ ਮੁਰਸ਼ਦ ਮੰਨ ਕੇ ਇਹਦੇ ਪਿੱਛੇ ਕਿਸੇ ਖੂਹੇ ਜੁੱਤੇ ਢੱਗੇ ਵਾਂਗ ਅੱਖੀਆਂ ਮੀਟ ਕੇ ਟੁਰਦੇ ਪਏ ਆਂ। ਭਾਵੇਂ ਏਸ ਰਾਹੇ ਟੁਰਦੇ ਹੋਇਆਂ ਕਿੰਨੀ ਵਾਰੀ ਘਾਟੇ ਵੀ ਖਾਹਦੇ ਨੇਂ ਅਲੱਹਮਦੁਲਿੱਲਾ ਅਸਾਂ ਅਜੇ ਤੀਕਰ ਨਾ ਇਹ ਮੁਰਸ਼ਦ ਛੱਡਿਆ ਤੇ ਨਾ ਏਸ ਮੁਰਸ਼ਦ ਦਾ ਦੱਸਿਆ ਹੋਇਆ ਰਾਹ

--- –ਅਸੀ ਵੱਖਰੇ ਸਫ਼ਰ ਵੀ ਵੱਖਰਾ ਸੀ
ਅਸੀ ਰਸਤਾ ਵੱਖਰਾ ਢਾਲ਼ ਲਿਆ
ਅਸੀ ਹਿਰਸ ਹਵਆ ਨੂੰ ਛੱਡ ਦਿੱਤਾ
ਜਿਹੜਾ ਸ਼ੌਕ ਸੀ ਦਿਲ ਵਿਚ ਨਫ਼ਈਆਂ ਦਾ
ਉਸ ਸ਼ੌਕ ਨੂੰ ਦਿਲ ਚੋਂ ਕੱਢ ਦਿੱਤਾ
ਅਸੀ ਖ਼ੁਸ਼ੀਆਂ ਬਦਲੇ ਸੋਗ ਲਏ
ਸਾਡੀ ਨਿੱਕੀ ਉਮਰੇ ਹਿੰਮਤ ਏ
ਅਸੀ ਉਮਰੋਂ ਵੱਡੇ ਰੋਗ ਲਏ
ਅਸੀ ਨਫ਼ਇਆਂ ਤੇ ਨੁਕਸਾਨਾਂ ਚੋਂ
ਮਨ ਮਰਜ਼ੀ ਨਾਲ਼ ਨੁਕਸਾਨ ਲਿਆ
ਸਾਡੇ ਪਾਗਲਪਨ ਦੀ ਹੱਦ ਵੇਖੋ
ਅਸੀ ਦਿਲ ਨੂੰ ਮੁਰਸ਼ਦ ਜਾਣ ਲਿਆ--

ਇਹ ਵੱਖਰੀ ਗਲ ਏ ਬਈ ਏਸ ਪੈਂਡੇ ਵਿਚ ਲੋਭ, ਲਾਲਚ, ਮੱਕਰ , ਫ਼ਰੇਬ ਤੇ ਹਿਰਸ ਨੂੰ ਅੰਦਰੋਂ ਕੱਢ ਕੇ ,ਬੇ ਲੌਸ ਪਿਆਰ, ਮੁਹੱਬਤ ਤੇ ਖ਼ਲੂਸ ਦੇ ਰਸਤੇ ਚ ਮਿਲਣ ਵਾਲੀਆਂ ਔਕੜਾਂ ਦੀ ਵੀ ਇਕ ਵੱਖਰੀ ਜਿਹੀ ਲੱਜ਼ਤ ਏ ਪਰ ਏਸ ਲੱਜ਼ਤ ਨੂੰ ਉਹੀਓ ਜਾਣ ਸਕਦਾ ਜਿਹੜਾ ਜਾਣ ਦਿਆਂ ਬੁਝਦਿਆਂ ਹੋਈਆਂ ਵੀ ਮਨ ਮਰਜ਼ੀ ਨਾਲ਼ ਥੁੜਾਂ, ਘਾਟਿਆਂ ਤੇ ਨੁਕਸਾਨਾਂ ਦੇ ਏਸ ਪੈਂਡੇ ਪਿਆ ਹੋਵੇ। ਇਹ ਉਹ ਮਜਬੂਰੀ ਦਾ ਸੌਦਾ ਏ ਜਿਹੜਾ ਬੰਦਾ ਕਿਸੇ ਮਜਬੂਰੀ ਤੋਂ ਬਗ਼ੈਰ ਆਪਣੀ ਮਰਜ਼ੀ ਨਾਲ਼ ਕਰਦਾ ਏ ।

ਤੇ ਇਹ ਜੋ ਅੱਧੀ ਨਾਲੋਂ ਵੀ ਅੱਧੀ ਸਦੀ ਤੇ ਹੁਣ ਤੀਕਰ ਦੀ ਪੂਰੀ ਜ਼ਿੰਦਗੀ ਦੇ ਏਸ ਲੰਮੇ ਪੈਂਡੇ ਚ ਦਿਲ ਦੇ ਆਖੇ ਸਿਰ ਸੁੱਟ ਕੇ ਉੱਚੀਆਂ

ਨੀਵੀਆਂ ਥਾਂਵਾਂ ਤੇ ਟੁਰਣ ਦਾ ਸਿਲਸਿਲਾ ਏ ਇਹ ਏਡਾ ਸੌਖਾ ਵੀ ਨਹੀਂ। ਏਸ ਪੈਂਡੇ ਵਿਚ ਵਰ੍ਹਿਆਂ ਦਰਦਾਂ ਨਾਲ਼ ਬਣਾਕੇ ਰੱਖਣਾ ਤੇ ਅਪਣਾ ਆਪ ਗੰਵਾ ਕੇ ਤੰਨ ਦਾ ਮਾਸ ਖਵਾਣਾ ਪੈਂਦਾ ਏ। ਹੱਕ ਅਤੇ ਲੋਕਾਂ ਦੀਆਂ ਟੋਕਾਂ ਸਹਿਕੇ ਵੀ ਯਾਸ ਦੀਆਂ ਚਲਦੀਆਂ ਨ੍ਹੇਰੀਆਂ ਵਿਚ ਹੰਝੂਆਂ ਦੇ ਦੀਵੇ ਬਾਲ ਕੇ ਉਡੀਕ ਦੇ ਬਨੇਰਿਆਂ ਤੇ ਰੱਖਣੇ ਪੈਂਦੇ ਨੇਂ। ਸ਼ਿਕਰ ਦੁਪਹਿਰੇ ਸੜਦੀ ਧੁੱਪੇ ਅਹਿਸਾਸ ਦੀ ਸੂਲ਼ੀ ਤੇ ਚੜ੍ਹ ਕੇ ਕਿਸੇ ਦੇ ਮਾਣ ਤਰਾਣ ਦੀ ਕੀਮਤ ਭਰਨੀ ਪੈਂਦੀ ਏ। ਕਿਸੇ ਗਵਾਚੇ ਵੇਲੇ ਨੂੰ ਲੱਭਣ ਲਈ ਪੋਹ ਮਾਘ ਦੀਆਂ ਠਰਦੀਆਂ ਰਾਤਾਂ ਚੇ ਉੱਜੜੀਆਂ ਪੁਜੜੀਆਂ ਜੂਹਾਂ ਗਾਹੁਣੀਆਂ ਨੇਂ।

ਖ਼ੈਰ! ਇਹ ਉਹ ਬਾਤ ਏ ਜਿਹੜੀ ਇੱਕ ਵਾਰੀ ਛੇੜ ਲਈਏ ਤੇ ਫ਼ਿਰ ਰਾਤ ਮੁੱਕ ਜਾਏਗੀ ਪਰ ਬਾਤ ਨਹੀਂ ਮੁੱਕੇਗੀ। ਏਸ ਲਈ ਏਸ ਗੱਲ ਨੂੰ ਐਥੇ ਈ ਛੱਡਨੇ ਆਂ ਤੇ ਅਗਲੀ ਗੱਲ ਛੇੜਨੇ ਆਂ। ਅਗਲੀ ਗੱਲ ਇਹ ਬਈ" ਮੈਨੂੰ ਨਹੀਂ ਪਤਾ ਮੇਰੇ ਏਸ ਮਜਮੂਏ ਵਿਚ ਸ਼ਾਮਿਲ ਸ਼ਿਅਰ , ਸ਼ਾਇਰੀ ਦੇ ਅਸੂਲਾਂ ਤੇ ਕਿੰਨੇ ਪੂਰੇ ਉਤਰਦੇ ਨੇਂ ਪਰ ਇੱਕ ਗੱਲ ਮੈਂ ਪੂਰੇ ਮਾਣ ਨਾਲ਼ ਆਖਾਂਗਾ ਬਈ ਮੇਰੇ ਸ਼ਿਅਰ ਭਾਵੇਂ ਵੱਡੇ ਹੋਣ ਨਾ ਹੋਣ ਸੱਚੇ ਜ਼ਰੂਰ ਨੇਂ। ਸੱਚੇ ਇੰਝ ਕਿ ਇਹ ਸ਼ਿਅਰ ਮੇਰੀ ਆਪਣੀ ਕਹਾਣੀ ਨੇਂ ਜਿਨ੍ਹਾਂ ਵਿਚ ਕੋਈ ਝੂਠਾ ਯਾ ਘੜਿਆ ਹੋਇਆ ਜਜ਼ਬਾ ਸ਼ਾਮਿਲ ਨਹੀਂ ਏ। ਮੈਂ ਆਪਣੇ ਉਰਦੂ ਸ਼ਿਅਰੀ ਮਜਮੂਏ" ਅਬ ਭੀ ਫੂਲ ਖਿਲਤੇ ਹੈਂ" ਦੇ ਪੇਸ਼ਲਫ਼ਜ਼ ਚ ਪਹਿਲੇ ਵੀ ਇਹ ਗੱਲ ਕੀਤੀ ਸੀ ਕਿ ਮੈਂ ਸ਼ਿਅਰ ਕਹਿੰਦਾ ਨਹੀਂ ਮੇਰੇ ਕੋਲੋਂ ਸ਼ਿਅਰ ਹੋ ਜਾਂਦੇ ਨੇਂ। ਮੇਰੇ ਨੇੜੇ ਸ਼ਿਅਰਾਂ ਦੇ ਏਸ ਹੋਣ ਚ ਨਾ ਤੇ ਮੇਰਾ ਕੋਈ ਕਮਾਲ ਏ ਤੇ ਨਾ ਈ ਕੋਈ ਕਸੂਰ ਏ। ਜ਼ਿੰਦਗੀ ਦੇ ਏਸ ਖੇਡ ਤਮਾਸ਼ੇ ਚ ਜਦੋਂ ਕਦੀ ਸੋਚਾਂ ਅੱਧ ਮੂਹਾ ਕਰ ਦਿੰਦਿਆਂ ਨੇਂ ਯਾਂ ਦਿਲ ਦਾ ਭਾਰ ਬਹੁਤਾ ਵੱਧ ਜਾਂਦਾ ਏ ਤੇ ਏਸ ਭਾਰ ਨੂੰ ਹੌਲਾ ਕਰਣ ਲਈ ਕਮਲੇਪਨ ਚ ਕਿਧਰੇ ਇਕਲਾ ਬਹਿ ਮੈਂ ਆਪਣੇ ਆਪ ਨਾਲ਼ ਜਿਹੜੀਆਂ ਦੋ ਚਾਰ ਗੱਲਾਂ ਕਰ ਲੈਨਾਂ। ਮੇਰੇ ਇਹ ਸ਼ਿਅਰ ਦਰਅਸਲ ਮੇਰੀਆਂ ਉਹੋ ਈ ਮਾੜੀਆਂ ਚੰਗੀਆਂ ਗੱਲਾਂ ਨੇਂ ਜਿਨ੍ਹਾਂ ਵਿਚ ਤੁਹਾਨੂੰ ਕਈ ਘਾਟੇ ਵਾਧੇ ਵੀ ਮਿਲਣਗੇ। ਏਸ ਲਈ ਤੁਹਾਡੇ ਅੱਗੇ ਬੇਂਤੀ ਕਰਾਂਗਾ ਜੇ ਕਿਤਾਬ ਪੜ੍ਹਕੇ ਤੁਹਾਨੂੰ ਮੇਰੀ ਕੋਈ ਗੱਲ ਮਾੜੀ ਲੱਗੇ ਤੇ ਮੈਨੂੰ ਮਹਾਤੜ੍ਹਾ ਸਮਝ ਕੇ ਦਰ ਗੁਜ਼ਰ ਕਰ ਦੇਣਾ ਕਿਉਂਜੇ ਇੱਕ

ਦਾਨਿਸ਼ਵਰ ਤੇ ਸ਼ਾਇਰ ਹੋਣ ਦਾ ਦਾਵਆ ਨਾ ਮੈਨੂੰ ਕੱਲ੍ਹ ਸੀ ਤੇ ਨਾ ਅੱਜ ਏ।

ਆਖ਼ਿਰ ਵਿਚ ਖ਼ਾਸ ਤੌਰ ਤੇ ਉਸਤਾਦੇ ਮੁਹਤਰਮ ਅਤਾਉਲਹਕ ਕਾਸਮੀ, ਅੱਬਾਸ ਤਾਬਿਸ਼, ਡਾਕਟਰ ਨਾਸਿਰ ਰਾਣਾ, ਜਮਸ਼ੇਦ ਮਸਰੂਰ, ਡਾਕਟਰ ਜਵਾਦ ਜਾਫ਼ਰੀ, ਮੁਹੰਮਦ ਅਹਿਸਨ ਰਾਜਾ ਤੇ ਫ਼ੋਜ਼ੀਆ ਭੱਟੀ ਹੋਰਾਂ ਦਾ  ਬਹੁਤ ਸ਼ੁਕਰਗੁਜ਼ਾਰ ਆਂ ਜਿਨ੍ਹਾਂ ਆਪਣੀ ਬੇ ਬਹਾ ਮਸਰੂਫ਼ੀਅਤ ਵਿਚੋਂ ਵੇਲ਼ਾ ਕੱਢਕੇ ਮੇਰੀ ਕਿਤਾਬ ਦਾ ਮਸੱਵਦਾ ਪੜ੍ਹਿਆ ਤੇ ਫ਼ਿਰ ਇਹਦੇ ਲਈ ਆਪਣੀ ਕੀਮਤੀ ਰਾਏ ਦਿੱਤੀ। ਇਹਨਾਂ ਸੱਜਣਾਂ ਬੇਲੀਆਂ ਵਿਚੋਂ ਹਕੀਮ ਅਰਸ਼ਦ ਸ਼ਹਿਜ਼ਾਦ ਜੀ, ਸਫ਼ਦਰ ਅਲੀ ਸਫ਼ਦਰ,ਪੀਰ ਜ਼ਫ਼ਰ ਹਯਾਤ ਚਿਸ਼ਤੀ, ਚੌਧਰੀ ਅਲੀ ਰੱਊਫ਼, ਜ਼ੁਬੈਰ ਬਸ਼ੀਰ ਤੇ ਆਪਣੇ ਵੀਰਾਂ ਆਸਿਫ਼ ਨਦੀਮ, ਇਮਰਾਨ ਨਦੀਮ ਤੇ ਕਾਮਰਾਨ ਨਦੀਮ ਹੋਰਾਂ ਦਾ ਵੀ ਸ਼ੁਕਰਗੁਜ਼ਾਰ ਆਂ ਜਿਨ੍ਹਾਂ ਦੀ ਹੱਲਾ ਸ਼ੇਰੀ ਤੇ ਇਹ ਮਜਮੂਆ ਛਾਪਣ ਦਾ ਕੰਮ ਅਪੜਿਆ।

ਰੱਬ ਸੋਹਣੇ ਨੇਂ ਹਿੰਮਤ, ਮੋਹਲਤ ਤੇ ਤੌਫ਼ੀਕ ਦਿੱਤੀ ਤੇ ਅਗਲੀ ਵਾਰੀ ਫ਼ਿਰ ਕਿਸੇ ਹੋਰ ਕਿਤਾਬ ਨਾਲ਼ ਤੁਹਾਡੀ ਖ਼ਿਦਮਤ ਚ ਹਾਜ਼ਰ ਹੋਵਾਂਗਾ। ਇਸ ਵੇਲੇ ਤੱਕ ਇਸਦਾ ਨਾਲ਼ ਇਜਾਜ਼ਤ ਚਾਹਨਾ ਬਈ ਸਭ ਦਾ ਭਲਾ ਤੇ ਸਭ ਦੀ ਖ਼ੈਰ, ਅੱਲ੍ਹਾ ਬੇਲੀ ਤੇ ਰੱਬ ਰਾਖਾ।

ਲਾਹੌਰ

ਨਵੰਬਰ 2018 ਈ.

ਪੁੱਛਣ ਦੱਸਣ ਲਈ

ਅਬਰਾਰ ਨਦੀਮ

0333-4353374

abrarnadeemfeb14@gmail.com

# دُعا
# ਦੁਆ

ਯਾਰੱਬ ਸਾਈਂ ਝਾਤੀ ਕਰਮਾਂ ਦੀ ਪਾਈਂ

یارب سائیں جھاتی کرماں دی پائیں

نعت رسولِ مقبول

## ਨਾਅਤ ਰਸੂਲ ਮਕਬੂਲ (ਸਲ.)

ਮਹਿਕਣ ਸੁਬ੍ਹਾ ਸ਼ਾਮ ਨਬੀ ਜੀ (ਸਲ.)
ਲੈ ਕੇ ਤੁਹਾਡਾ ਨਾਮ ਨਬੀ ਜੀ (ਸਲ.)

ਸਾਹਵਾਂ ਵਿਚ ਖ਼ੁਸ਼ਬੂਆਂ ਭਰਕੇ
ਲੱਖ ਦਰੂਦ ਸਲਾਮ ਨਬੀ ਜੀ (ਸਲ.)

ਮੈਂ ਝੱਲਾ ਤੇ ਦੁਨੀਆ ਚਾਤਰ
ਮੈਂ ਆਮਾਂ ਤੋਂ ਆਮ ਨਬੀ ਜੀ(ਸਲ.)

ਮੇਲੇ ਅੰਦਰ ਇੰਝ ਗਵਾਚਾਂ
ਪੈ ਗਈ ਸਿਰ ਤੇ ਸ਼ਾਮ ਨਬੀ ਜੀ(ਸਲ.)

ਹੋਵਣ ਵਿਗੜੇ ਕੰਮ ਸਵੱਲੇ
ਘੱਲੋ ਕੋਈ ਪੈਗ਼ਾਮ ਨਬੀ ਜੀ (ਸਲ.)

سلام

# ਸਲਾਮ

جگنو، چراغ، سرگھی دا تارا حسین نیں
ਜੁਗਨੂ, ਚਿਰਾਗ਼, ਸਰਘੀ ਦਾ ਤਾਰਾ ਹੁਸੈਨ(ਰਜ਼ੀ.) ਨੇਂ
ਹਰ ਰੌਸ਼ਨੀ ਦਾ ਪਹਿਲਾ ਹਵਾਲਾ ਹੁਸੈਨ(ਰਜ਼ੀ.) ਨੇਂ

ਹਰ ਦੌਰ ਏ ਯਜ਼ੀਦਾਂ ਦੇ ਜ਼ੁਲਮਾਂ ਦੀ ਦਾਸਤਾਨ
ਹਰ ਦੌਰ ਚ ਗ਼ਰੀਬਾਂ ਦੇ ਮੌਲਾ ਹੁਸੈਨ(ਰਜ਼ੀ.) ਨੇਂ

ਮਰਕੇ ਵੀ ਦਿਲ ਚੋਂ ਮੁੱਕਣੀ ਨਹੀਂ ਉਲਫ਼ਤ ਹੁਸੈਨ (ਰਜ਼ੀ.) ਦੀ
ਹੁਬੇ ਨਬੀ

## اک سوال رب نال
## ਇੱਕ ਸਵਾਲ ਰੱਬ ਦੇ ਨਾਲ਼ !

"ਮੇਰੇ ਅੰਦਰ ਬਾਹਰ ਵੀ ਤੂੰ ਐਂ
ਮੇਰੀ ਸੋਚ ਵਿਚਾਰ ਵੀ ਤੂੰ ਐਂ"
ਹਰ ਪਾਸੇ ਬੱਸ ਤੂੰ ਈ ਤੂੰ ਐਂ
ਮੇਰੀ ਤੇ ਨਹੀਂ ਜ਼ਾਤ ਵੀ ਆਪਣੀ
ਮੈਂ ਖ਼ਵਰੇ ਕਿਸ ਵਿਥੇ ਆਂ
ਧਰਤੀ ਤੋਂ ਅਸਮਾਨਾਂ ਤੀਕਰ
ਕਿੱਥੇ ਆਪਣੇ ਆਪ ਨੂੰ ਲਭਾਂ
ਰੱਬਾ! ਦੱਸ ਮੈਂ! ਕਿੱਥੇ ਆਂ

## کجھ سوال اپنے نال

## ਕੁੱਝ ਸਵਾਲ ਆਪਣੇ ਨਾ਼ਲ!

ਇਹ ਜੋ ਮੈਂ ਆਂ
ਖ਼ਵਰੇ ਕੀ ਆਂ
ਖ਼ਵਰੇ ਕਿਉਂ ਆਂ
ਖ਼ਵਰੇ ਮੇਰਾ ਹੋਣਾ ਕੀ ਏ
ਨਾਂ ਹੁੰਦਾ ਤੇ ਫ਼ਿਰ ਕੀ ਹੁੰਦਾ
ਹੁਣ ਜੇ ਆਂ ਤੇ ਫੇਰ ਕੀ ਹੋਇਆ
ਨਹੀਂ ਹੋਣਾ ਤੇ ਤਧ ਕੀ ਹੋਣਾ
ਵੱਧ ਤੋਂ ਵੱਧ ਇੱਕ ਮਰ ਜਾਣਾ ਏ
ਮਰ ਜਾਣੇ ਤੋਂ ਵੱਧ ਕੀ ਹੋਣਾ
ਰੱਬ ਈ ਜਾਣੇ ਕੱਦ ਕੀ ਹੋਣਾ
ਸਮਝ ਨਹੀਂ ਆਂਦੀ ਰਮਜ਼ ਗੱਲ ਏ
ਸਿਰ ਤੋਂ ਉੱਚੀ ਕੋਈ ਛਲ ਏ
ਚਾਨਣ  ਅੱਗੇ ਘੁੱਪ ਹਨ੍ਹੇਰਾ
ਸਭ ਕੁੱਝ ਖ਼ਾਬ ਏ
ਸਭ ਕੁੱਝ ਭੁੱਲ ਏ
ਇਥੇ ਅਕਲ ਦਾ ਦੀਵਾ ਗੁਲ ਏ
ਇਹ ਜੋ ਮੈਂ ਆਂ
ਖ਼ਵਰੇ ਕੀ ਆਂ

ਖ਼ਵਰੇ ਕਿਉਂ ਆਂ
ਖ਼ਵਰੇ ਮੇਰਾ ਹੋਣਾ ਕੀ ਏ
ਹੱਸਣਾ ਕੀ ਤੇ ਰੋਣਾ ਕੀ ਏ
ਮੈਂ ਜਦ ਇਕ ਦਿਨ ਮਰ ਮੁੱਕ ਜਾਣਾ
ਟਿਹਣੀਓਂ ਟੁੱਟ ਕੇ ਸੜ ਸੁੱਕ ਜਾਣਾ
ਫ਼ਿਰ ਏਸ ਹੋਣ ਦਾ ਮਕਸਦ ਕੀ ਏ
ਦਰ ਦਰ ਭੌਣ ਦਾ ਮਕਸਦ ਕੀ ਏ

اپنا آپ گنوا کے بیٹھا ڈھیر پھرولاں سوچاں دے
ਅਪਣਾ ਆਪ ਗੰਵਾ ਕੇ ਬੈਠਾ ਢੇਰ ਫਰੋਲਾਂ ਸੋਚਾਂ ਦੇ
ਪੁੱਠੀਆਂ ਸਿੱਧੀਆਂ ਲੀਕਾਂ ਪਾਕੇ ਗੁੰਝ਼ਲ ਖੋਲਾਂ ਸੋਚਾਂ ਦੇ

ਜੀਣਾ ਔਖਾ ਹੋ ਜਾਂਦਾ ਜਦ ਦਰਦ ਦੀ ਸ਼ਿੱਦਤ ਵੱਧ ਜਾਵੇ
ਜਦ ਦੁੱਖ ਕੋਈ ਜਰਿਆ ਨਹੀਂ ਜਾਂਦਾ ਗਲ ਲੱਗ ਕੇ ਰੋ ਲਾਂ ਸੋਚਾਂ ਦੇ

ਦਰਦ ਹਯਾਤੀ ਦੇ ਰਸਤੇ ਮੈਂ ਯਾਸ ਦੀ ਸੜਦੀਆਂ ਧੁੱਪਾਂ ਚ
ਜਦੋਂ ਟੁਰਦਾ ਟੁਰਦਾ ਹਫ਼ ਜਾਵਾਂ ਬਹਿ ਹੇਠ ਬਸੋਲਾਂ ਸੋਚਾਂ ਦੇ

ਅੱਖੀਆਂ ਚੋਂ ਅੱਥਰੂ ਵਗਦੇ ਨੇਂ ਕਿਸੇ ਪਲ ਫ਼ੇਰ ਚੈਨ ਆਂਦਾ ਏ
ਉਹਦੀ ਯਾਦ ਸਿਰਹਾਣੇ ਰੱਖ ਕੇ ਮੈਂ ਜਦੋਂ ਢੱਗੇ ਜੋ ਲਾਂ ਸੋਚਾਂ ਦੇ

ਇਹ ਵਕਤ ਕਜ਼ਾ ਕੁਝ ਠਹਿਰ ਜ਼ਰਾ, ਮੈਨੂੰ ਏਨੀ ਦੇਰ ਤੇ ਮੋਹਲਤ ਦੇ
ਯਾਦਾਂ ਦੀ ਪੂੰਜੀ ਸਾਂਭ ਲਵਾਂ ਖੁੱਲੇ ਬੂਹੇ ਢੋਲਾਂ ਸੋਚਾਂ ਦੇ

قطعہ

## ਕਤਾਹ

سارى كهيڈ مقدراں دى تے سارے رولے بختاں دے

ਸਾਰੀ ਖੇਡ ਮੁਕੱਦਰਾਂ ਦੀ ਤੇ ਸਾਰੇ ਰੌਲੇ ਬਖ਼ਤਾਂ ਦੇ
ਮਿੱਟੀ ਦੇ ਵਿਚ ਰੁਲ਼ ਜਾਂਦੇ ਨੇਂ ਵਾਰਿਸ ਤਾਜਾਂ ਤਖ਼ਤਾਂ ਦੇ
ਅੱਤ ਦਾ ਪਿਆਰ ਸੀ ਕੱਲ੍ਹ ਤੱਕ ਐਥੇ ਨਾਲ਼ ਜਿਨ੍ਹਾਂ ਦੇ ਮਾਲੀ ਨੂੰ
ਅੱਜ ਨੇਂ ਬਾਲਣ ਚੁੱਲ੍ਹੇ ਦਾ ਉਹ ਸੁੱਕੇ ਟਹਿਣ ਦਰੱਖ਼ਤਾਂ ਦੇ

احساس

ਅਹਿਸਾਸ!!!

ਕੱਲ੍ਹੇ ਹੋਣ ਨਾਲ਼
ਕਦੋਂ ਕੋਈ ਮਰਦਾ  ਏ
ਕੱਲ੍ਹੇ ਹੋਣ ਦਾ ਅਹਿਸਾਸ
ਮਾਰ ਦੇਂਦਾ  ਏ
ਅਬਰਾਰ ਨਦੀਮ!
ਏਨੇ ਸਾਰੇ ਚਾਲਾਕ ਲੋਕਾਂ ਚ
ਝੱਲੇ ਹੋਣ ਦਾ ਅਹਿਸਾਸ
ਮਾਰ ਦੇਂਦਾ ਏ

قطعہ

# ਕਤਾਹ

ادھ اسمانوں لہن توں پہلاں

ਅੱਧ ਅਸਮਾਨੋਂ ਲਹਿਣ ਤੋਂ ਪਹਿਲਾਂ
ਸੋਚ ਲਵੀਂ ਕੁਝ ਕਹਿਣ ਤੋਂ ਪਹਿਲਾਂ
ਮੈਂ ਅੱਥਰੂ ਤੇਰੀ ਅੱਖ ਦਾ ਸੱਜਣਾਂ
ਸਾਂਭ ਲੈ ਮੈਨੂੰ ਢਹਿਣ ਤੋਂ ਪਹਿਲਾਂ

اتھرو تارا ہو سکدا اے
ਅੱਥਰੂ ਤਾਰਾ ਹੋ ਸਕਦਾ ਏ
ਦੁੱਖ ਦਾ ਚਾਰਾ ਹੋ ਸਕਦਾ ਏ

ਇਕੋ ਵਾਰੀ ਫ਼ਰਜ਼ ਤੇ ਨਹੀਂ ਨਾਂ
ਇਸ਼ਕ ਦੁਬਾਰਾ ਹੋ ਸਕਦਾ ਏ

ਕੱਖੋਂ ਹੌਲਾ ਜਾਣ ਨਾ ਸਾਨੂੰ
ਕੱਖ ਵੀ ਭਾਰਾ ਹੋ ਸਕਦਾ ਏ

ਅਜੇ ਨਾ ਰਿਸ਼ਤੇ ਤੋੜ ਤੂੰ ਸਾਰੇ
ਅਜੇ ਗੁਜ਼ਾਰਾ ਹੋ ਸਕਦਾ ਏ

ਕਦੀ ਕਦਾਈਂ ਜਾਨ ਦਾ ਦੁਸ਼ਮਣ
ਜਾਨ ਤੋਂ ਪਿਆਰਾ ਹੋ ਸਕਦਾ ਏ

ਖੋਲ ਨਾ ਪਿਛਲੇ ਖਾਤੇ ਸਾਰੇ
ਹੋਰ ਖਿਲਾਰਾ ਹੋ ਸਕਦਾ ਏ

ਢੇਰ ਮੁਨਆਫ਼ਾ ਖੱਟਦੇ ਖੱਟਦੇ
ਢੇਰ ਖ਼ਸਾਰਾ ਹੋ ਸਕਦਾ ਏ

قطعہ

## ਕਤਾਹ

ساریاں فِکراں سارے رولے سارے مسئلے بال دواں
ਸਾਰੀਆਂ ਫ਼ਿਕਰਾਂ, ਸਾਰੇ ਰੌਲੇ, ਸਾਰੇ ਮਸਲੇ ਬਾਲ ਦਵਾਂ
ਵੱਸ ਨਹੀਂ ਚਲਦਾ ਮੇਰਾ ਨਹੀਂ ਤੇ ਵਕਤ ਦੀ ਗਰਦਿਸ਼ ਟਾਲ਼ ਦਵਾਂ
ਕੱਸਮੇ ਮੇਰਾ ਵੱਸ ਜੇ ਚਲੇ ਧਰਤੀ ਦੇ ਸਭ ਲੋਕਾਂ ਨੂੰ
ਗ਼ਮ ਦੇ ਇੱਕ ਇੱਕ ਪਲ ਦੇ ਬਦਲੇ ਖ਼ੁਸ਼ੀਆਂ ਸੌ ਸੌ ਸਾਲ ਦਵਾਂ

آون والا نہیں آیا
ਆਵਣ ਵਾਲਾ ਨਹੀਂ ਆਇਆ
ਸੱਜਣਾਂ ਤੇਰਾ ਕੱਲ੍ਹ ਨਹੀਂ ਆਇਆ

ਸੁੱਕ ਗਏ ਆਸ ਦੇ ਬੂਟੇ
ਰੀਝਾਂ ਉਤੇ ਫਲ ਨਹੀਂ ਆਇਆ

ਮਸਲੇ ਦੇ ਸੌ ਹਲ ਸਨ ਫ਼ਿਰ ਵੀ
ਮਸਲੇ ਦਾ ਕੋਈ ਹੱਲ ਨਹੀਂ ਆਇਆ

ਲੰਘ ਗਈ ਕੁਲ ਹਯਾਤੀ ਆਪਣੀ
ਜੀਵਣ ਦਾ ਪਰ ਵੱਲ ਨਹੀਂ ਆਇਆ

ایویں اپنی وار ہنڈھاون بیٹھے آں
ਐਂਵੇਂ ਆਪਣੀ ਵਾਰ ਹੰਢਾਵਣ ਬੈਠੇ ਆਂ
ਜੀਵਨ ਦੇ ਦਿਨ ਚਾਰ ਹੰਢਾਵਣ ਬੈਠੇ ਆਂ

ਬੁੱਲ੍ਹਾਂ ਉਤੇ ਚੁੱਪ ਦੇ ਜਿੰਦਰੇ ਲਾ ਲਏ ਨੇਂ
ਹੁਣ ਤੇ ਬੱਸ ਕਿਰਦਾਰ ਹੰਢਾਵਣ ਬੈਠੇ ਆਂ

ਉਹਨੇ ਭਾਵੇਂ ਪਰਤ ਕੇ ਵਾਪਿਸ ਆਣਾ ਨਹੀਂ
ਉਹਦੇ ਸਭ ਇਤਬਾਰ ਹੰਢਾਵਣ ਬੈਠੇ ਆਂ

ਉਹਦੀ ਰਾਹ ਵਿਚ ਦੀਵੇ ਬਾਲ ਕੇ ਆਸਾਂ ਦੇ
ਕੀਤੇ ਕੌਲ ਕਰਾਰ ਹੰਢਾਵਣ ਬੈਠੇ ਆਂ

ਉਹਦੇ ਮਗਰੋਂ ਔਖਾ ਪੈਂਡਾ ਸਾਹਵਾਂ ਦਾ
ਹੰਢਦਾ ਨਹੀਂ ਅਬਰਾਰ ਹੰਢਾਵਣ ਬੈਠੇ ਆਂ

دو شعر

## ਦੋ ਸ਼ਿਅਰ

جیہنے جسراں جو کہیا اوہ کر لیا
ਜਿਹਨੇ ਜਿਸਰਾਂ ਜੋ ਕਿਹਾ ਉਹ ਕਰ ਲਿਆ
ਹਰ ਕਿਸੇ ਦੀ ਗੱਲ ਨੂੰ ਦਿਲ ਤੇ ਜਰ ਲਿਆ

ਦੇਣ ਲਈ ਆਪਣੀ ਮੁਹੱਬਤ ਦਾ ਸਬੂਤ
ਮੈਂ ਤੱਲੀ ਤੇ ਬੱਲਦਾ ਕੋਇਲਾ ਧਰ ਲਿਆ

قطعہ

## ਕਤਾਹ

چار دِناں وچ شوق پُرانے پے جاوے
ਚਾਰ ਦਿਨਾਂ ਵਿਚ ਸ਼ੌਕ ਪੁਰਾਣਾ ਪੈ ਜਾਵੇ
ਜੇਕਰ ਕੀਤਾ ਕੌਲ ਹੰਢਾਣਾ ਪੈ ਜਾਵੇ
ਪਿਆਰ ਦੇ ਪੈਂਡੇ ਪੈਣ ਤੋਂ ਪਹਿਲਾਂ ਸੋਚ ਲਵੀਂ
ਹੋ ਸਕਦਾਏ ਪਿਆਰ ਨਿਭਾਣਾ ਪੈ ਜਾਵੇ

دل دا روگ مکان نہیں ہوندا
ਦਿਲ ਦਾ ਰੋਗ ਮੁਕਾਨ ਨਹੀਂ ਹੁੰਦਾ
ਹੱਥੀਂ ਇਹ ਨੁਕਸਾਨ ਨਹੀਂ ਹੁੰਦਾ

ਤੇਥੋਂ ਮੁੱਖ ਪਰਤਾ ਤੇ ਲਈਏ
ਤੇਥੋਂ ਮੁੱਖ ਪਰਤਾਨ ਨਹੀਂ ਹੁੰਦਾ

ਘੜੀਆਂ ਨੂੰ ਜੇ ਸਾਂਭ ਲਈਏ ਤੇ
ਵਰ੍ਹਿਆਂ ਦਾ ਨੁਕਸਾਨ ਨਹੀਂ ਹੁੰਦਾ

ਤੈਨੂੰ ਭੁੱਲ ਕੇ ਵੇਖ ਲਿਆ ਏ
ਭੁੱਲ ਜਾਣਾ ਆਸਾਨ ਨਹੀਂ ਹੁੰਦਾ

ਇਸ਼ਕ ਚ ਕੁੱਝ ਵੀ ਹੋ ਸਕਦਾ ਏ
ਹਾਂ ਪਰ ਇਕ ਨੁਕਸਾਨ ਨਹੀਂ ਹੁੰਦਾ

اسیں دل نوں مرشد من لیا

## ਅਸਾਂ ਦਿਲ ਨੂੰ ਮੁਰਸ਼ਦ ਜਾਣ ਲਿਆ!

ਕਿਸੇ ਮੱਲਿਆ ਪੀਰ ਫ਼ਕੀਰਾਂ ਨੂੰ
ਕਿਸੇ ਲੱਭਿਆ ਏਥੇ ਹੀਰਾਂ ਨੂੰ
ਕਿਸੇ ਰੋ ਰੋ ਸੱਚੇ ਰੱਬ ਅੱਗੇ
ਲਿਆ ਮਆਫ਼ ਕਰਾ ਤਕਸੀਰਾਂ ਨੂੰ
ਕੋਈ ਨੁੱਕਰੇ ਲੱਗ ਕੇ ਬੈਠ ਰਿਹਾ
ਪਾ ਇਸ਼ਕ ਦੀਆਂ ਜ਼ੰਜੀਰਾਂ ਨੂੰ
ਕਿਸੇ ਸੱਸੀ ਦਾ,ਕਿਸੇ ਹੋਣੀ ਦਾ
ਕੋਈ ਆਸ਼ਿਕ ਲੈਲਾ, ਸੋਹਣੀ ਦਾ
ਕੋਈ ਤਾਲਿਬ ਚੰਗੀ ਸ਼ੋਹਰਤ ਦਾ
ਕੋਈ ਸੱਜਣ ਬਹੁਤੀ ਦੌਲਤ ਦਾ
ਅਸੀ ਮਾਲਿਕ ਪੁੱਠੇ ਸ਼ੌਕਾਂ ਦੇ
ਅਸੀ ਵੈਰੀ ਸਾਰੇ ਲੋਕਾਂ ਦੇ
ਸਿਰੋਂ ਲਾਹ ਕੇ ਫ਼ਿਕਰਾਂ, ਸੋਚਾਂ ਨੂੰ
ਇੱਕ ਦਲ ਨੂੰ ਆਪਣੇ ਨਾਲ਼ ਲਿਆ
ਅਸੀ ਵੱਖਰੇ, ਸਫ਼ਰ ਵੀ ਵੱਖਰਾ ਸੀ
ਅਸੀ ਰਸਤਾ ਵੱਖਰਾ ਢਾਲ਼ ਲਿਆ
ਅਸੀ ਹਿਰਸ ਹਵਾ ਨੂੰ  ਛੱਡ ਦਿੱਤਾ
ਜਿਹੜਾ ਸ਼ੌਕ ਸੀ ਦਿਲ ਵਿਚ ਨਫ਼ਇਆਂ ਦਾ
ਉਸ ਸ਼ੌਕ ਨੂੰ ਦਿਲ ਚੋਂ ਕੱਢ ਦਿੱਤਾ

ਅਸੀ ਖ਼ੁਸ਼ੀਆਂ ਬਦਲੇ ਸੋਗ ਲਏ
ਸਾਡੀ ਨਿੱਕੀ ਉਮਰੇ ਹਿੰਮਤ ਏ
ਅਸੀ ਉਮਰੋਂ ਵੱਡੇ ਰੋਗ ਲਏ
ਅਸੀ ਨਫ਼ਇਆਂ ਤੇ ਨੁਕਸਾਨਾਂ ਚੋਂ
ਮਨ ਮਰਜ਼ੀ ਨਾਲ਼ ਨੁਕਸਾਨ ਲਿਆ
ਸਾਡੇ ਪਾਗਲਪਨ ਦੀ ਹੱਦ ਵੇਖੋ
ਅਸੀ ਦਿਲ ਨੂੰ ਮੁਰਸ਼ਦ ਜਾਣ ਲਿਆ
ਅਸੀ ਦਿਲ ਹੱਥੋਂ ਮਜਬੂਰ ਹੋਏ
ਅਸੀ ਦਿਲ ਦੇ ਅੱਗੇ ਹਾਰ ਗਏ
ਇਹ ਸਾਰੀ ਦਿਲ ਦੀ ਕਰਨੀ ਏ
ਸਭ ਯਾਰ ਗਏ, ਇਤਬਾਰ ਗਏ
ਅਸੀ ਉਰਲੇ ਕੰਢੇ ਫਿਰਨੇ ਆਂ
ਸਭ ਸੱਜਣ ਪਰਲੇ ਪਾਰ ਗਏ
ਨਾ ਧੁੱਪ ਵੇਖੀ ਨਾ ਛਾਂ ਵੇਖੀ
ਨਾ ਮਾੜੀ ਚੰਗੀ ਥਾਂ ਵੇਖੀ
ਸਾਡੀ ਅਕਲ ਸਿਆਪਾ ਸੌ ਕੀਤਾ
ਅਸੀ ਅਕਲ ਦੀ ਇੱਕ ਵੀ ਨਾ ਮੰਨੀ
ਜੋ ਦਿਲ ਚਾਹਿਆ ਅਸੀ ਉਹ ਕੀਤਾ
ਅਸੀ ਸਿਰ ਨੂੰ ਸੁੱਟ ਕੇ ਟੁਰਦੇ ਰਹੇ
ਸਦਾ ਦਿਲ ਦੇ ਆਖੇ ਲਗਦੇ ਰਹੇ
ਅਸੀ ਖੂਹੇ  ਜੁੱਤੇ ਢੱਗੇ ਸਾਂ
ਅਸੀ ਅੱਖੀਆਂ ਮੀਟ ਕੇ ਵਗਦੇ ਰਹੇ

میں نہیں مُڑنا
ਮੈਂ ਨਹੀਂ ਮੁੜਨਾ!

ਜਿਸ ਰਸਤੇ ਵੱਲ ਪੈਰ ਵਧਾਇਆਂ ਘਾਟਾ ਏ
ਇਸ ਰਸਤੇ ਵੱਲ ਜਾਵਣ ਤੋਂ ਮੈਂ ਠਾਕਾਂਗਾ
ਲੱਖ ਵੀ ਦੇਣ ਉਲਾਹਮੇ ਭਾਵੇਂ
ਸੱਜਣ ਕੌੜੇ ਲਹਿਜੇ ਦੇ
ਮੈਂ ਨਹੀਂ ਮੁੜਨਾ
ਮੈਂ ਤੇ ਜੋ ਮਹਿਸੂਸ ਕਰਾਂਗਾ ਆਖਾਂਗਾ

دل روندا اے

## ਦਿਲ ਰੋਂਦਾ ਏ!

ਕਿਤੇ ਦੂਰ ਸਮੁੰਦਰੋਂ ਪਾਰ ਕੋਈ
ਜਦੋਂ ਗੀਤ ਹਿਜਰ ਦੇ ਛੂਹੰਦਾ ਏ
ਦਿਲ ਰੋਂਦਾ ਏ
ਦਿਲ ਰੋਂਦਾ ਤੇ ਕੁਰਲਾਂਦਾ ਏ
ਸੁਖ ਨਫ਼ਲ ਨਮਾਜ਼ਾਂ, ਮੰਨਤਾਂ ਸੋ
ਤੇਰੇ ਮਿਲਣ ਨੂੰ ਹਾੜੇ ਪਾਂਦਾ ਏ
ਕਿਤੇ ਦੂਰ ਸਮੁੰਦਰੋਂ ਪਾਰ ਕੋਈ
ਜਦੋਂ ਗੀਤ ਹਿਜਰ ਦੇ ਛੋਹੰਦਾ ਏ
ਦਿਲ ਰੋਂਦਾ ਏ
ਦਿਲ ਰੋਂਦਾ ਤੇ ਕੁਰਲਾਂਦਾ ਏ
ਜਦੋਂ ਹੌਲਾ ਹੋ ਕੇ ਕੱਖਾਂ ਤੋਂ
ਚੁੜ ਆਪਣੀ ਰਾਜਧਾਨੀ ਨੂੰ
ਕੋਈ ਰਾਂਝਾ ਤਖ਼ਤ ਹਜ਼ਾਰੇ ਦਾ
ਪੋਹ, ਮਾਘ ਦੀ ਠਰਦੀਆਂ ਰਾਤਾਂ ਚ
ਕਿਤੇ ਉਜੜੀ ਪੁਜੜੀ ਜੂਹਵਾਂ ਚ
ਨਿੱਤ,ਹੀਰ ਸਿਆਲ਼ ਦੇ ਦਰਸ਼ਨ ਲਈ

ਬਣ ਜੋਗੀ ਥਾਂ ਥਾਂ ਭੌਂਦਾ ਏ
ਦਿਲ ਰੋਂਦਾ ਏ
ਦਿਲ ਰੋਂਦਾ ਤੇ ਕੁਰਲਾਂਦਾ ਏ
ਲੱਜ ਲਾਹ ਕੇ ਆਲ ਦੁਆਲੇ ਦੀ
ਕਿਸੇ ਬੁੱਲ੍ਹੇ ਵਾਂਗ ਨਚਾਂਦਾ ਏ
ਕਦੀ ਸਾਵਣ ਮੀਂਹ ਦੀਆਂ ਝੜੀਆਂ ਚ
ਹਿੱਜਰਾਂ ਦੀਆਂ ਲੰਮੀਆਂ ਘੜੀਆਂ ਚ
ਕਿਸੇ ਯਾਦ ਦੀ ਬੁੱਕਲ ਮਾਰ ਕੋਈ
ਦੁਖੀ ਦਿਲ ਦੇ ਛੇੜ ਕੇ ਤਾਰ ਕੋਈ
ਜਦੋਂ ਖੂਹ ਨੈਣਾਂ ਦੇ ਜੋਂਦਾ ਏ
ਦਿਲ ਰੋਂਦਾ ਏ
ਦਿਲ ਰੋਂਦਾ ਤੇ ਕੁਰਲਾਂਦਾ ਏ
ਜਿਵੇਂ ਹਿਜਰ ਦੇ ਰੰਗਲੇ ਚਰਖ਼ੇ ਤੇ
ਕੋਈ ਲੰਮੀਆਂ ਤੰਦਾਂ ਪਾਂਦਾ ਏ
ਜਦੋਂ ਵਿਛੜੀ ਕੂੰਜ ਕਤਾਰਾਂ ਤੋਂ
ਵੱਖ ਹੋ ਕੇ ਗੂੜ੍ਹਿਆਂ ਯਾਰਾਂ ਤੋਂ
ਬਿਨ ਡਾਰ ਕਿਤੇ ਕੁਰਲਾਂਦੀ ਏ
ਜਿੰਦ ਡੱਕੋ ਡੋਲੇ ਖਾਂਦੀ ਏ
ਕੋਈ ਕੱਲਾ ਕਾਰਾ, ਹਿਜਰਾਂ ਚ
ਬਹਿ ਹਿਜਰ ਦਾ ਮਾਰਾ ਹਿਜਰਾਂ ਚ
ਜਦੋਂ ਪੀੜਾਂ ਹਾਰ ਪੋਂਦਾ ਏ
ਦਿਲ ਰੋਂਦਾ ਏ

ਦਿਲ ਰੋਂਦਾ ਤੇ ਕੁਰਲਾਂਦਾ ਏ
ਫ਼ਿਰ ਇਸ਼ਕ ਦੀ ਧੁਖ਼ਦੀ ਧੂਣੀ ਚ
ਕੋਈ ਮਚਦੇ ਭਾਂਬੜ ਲਾਂਦਾ ਏ
ਕਿਤੇ ਦੂਰ ਸਮੁੰਦਰੋਂ ਪਾਰ ਕੋਈ
ਜਦੋਂ ਗੀਤ ਹਿਜਰ ਦੇ ਛੋਹੰਦਾ ਏ
ਦਿਲ ਰੋਂਦਾ ਏ
ਦਿਲ ਰੋਂਦਾ ਤੇ ਕੁਰਲਾਂਦਾ ਏ
ਨਾਲੇ ਗੀਤ ਹਿਜਰ ਦੇ ਗਾਂਦਾ ਏ

دل دے دُکھڑے پھول رہیاں واں
ਦਿਲ ਦੇ ਦੁੱਖੜੇ ਫੋਲ ਰਹਿਆਂ ਵਾਂ
ਕੱਲ੍ਹਾ ਬੈਠਾ ਬੋਲ ਰਹਿਆਂ ਵਾਂ

ਮੱਥੇ ਉਤੇ ਲੀਕਾਂ ਪਾਕੇ
ਗੁਝੀਆਂ ਰਮਜ਼ਾਂ ਖੋਲ ਰਹਿਆਂ ਵਾਂ

ਹਿਜਰ ਤੇਰੇ ਚ ਅੱਖ ਦੇ ਮੋਤੀ
ਮਿੱਟੀ ਅੰਦਰ ਰੋਲ਼ ਰਹਿਆਂ ਵਾਂ

ਤੇਰੀ ਯਾਦ ਦੇ ਪੈਂਡੇ ਪੈ ਕੇ
ਅਪਣਾ ਆਪ ਮਧੋਲ ਰਹਿਆਂ ਵਾਂ

ਤੇਰੇ ਨਾਂ ਦੇ ਬਾਲ ਕੇ ਦੀਵੇ
ਨ੍ਹੇਰੇ ਚਾਨਣ ਘੋਲ਼ ਰਹਿਆਂ ਵਾਂ

قطعہ

# ਕਤਾਹ

نفرت، بغض، کدُورت دل وچ

اُتوں ہسدے پھردے نیں

ਨਫ਼ਰਤ, ਬੁਗ਼ਜ਼, ਕਦੂਰਤ ਦਿਲ ਵਿਚ, ਉਤੋਂ ਹੱਸਦੇ ਫਿਰਦੇ ਨੇਂ
ਇੱਕ ਦੂਜੇ ਤੋਂ ਡਰਦੇ ਲੋਕੀ, ਲੁਕਦੇ ਨੱਸਦੇ ਫਿਰਦੇ ਨੇਂ
ਘਰ ਤੋਂ ਬਾਹਰ ਨਾ ਨਿਕਲੇ ਕੋਈ ਭੁੱਲ ਕੇ ਵੀ ਏਸ ਮੌਸਮ ਵਿਚ
ਵਹਿਮ ਦੇ ਫਨਇਅੀਰ ਚਾਰ ਚੁਫ਼ੇਰੇ ਸੁਣਿਆ ਡਸਦੇ ਫਿਰਦੇ ਨੇਂ

دوزخ جنت

## ਦੋਜ਼ਖ਼ ਜੰਨਤ!

(ਮਾਂ ਲਈ ਇੱਕ ਨਜ਼ਮ)

ਵੰਨ ਸੁਵੱਨੀਆਂ ਸੋਚਾਂ ਅੰਦਰ
ਗ਼ੋਤੇ ਅੰਦਰ ਗ਼ੋਤੇ ਖਾਂਦਾ
ਫ਼ਿਕਰਾਂ ਦੀ ਦਲਦਲ ਵਿਚ ਫਸਿਆ
ਧੁੱਦਲ ਫੱਕਦਾ, ਠੇਡੇ ਖਾਂਦਾ
ਐਧਰ,ਓਧਰ ਡਿੱਗਦਾ ਢੈਂਦਾ
ਸਾਰੇ ਦਿਨ ਦਾ ਥੱਕਿਆ, ਟੁੱਟਿਆ
ਹਾਰ ਕੇ ਹਿੰਮਤ ਸ਼ਾਮਾਂ ਵੇਲੇ
ਪਰਤ ਕੇ ਜਦ ਵਾਪਸ ਆਨਾਂ
ਆਪਣੀ ਖ਼ਾਤਿਰ,ਆਪਣੇ ਘਰ ਦੇ
ਬੂਹੇ ਵਿਚ ਖਲੋਤੀ ਮਾਂ ਦੇ
ਮੁਖੜੇ ਉਤੇ ਵੇਖ ਕੇ ਸ਼ਫ਼ਕਤ
ਦੋਜ਼ਖ਼ ਵਰਗੀ ਦੁਨੀਆ ਮੈਨੂੰ
ਜੰਨਤ ਵਰਗੀ ਲਗਦੀ ਏ

ایہہ جو دنیاداری اے

ਇਹ ਜੋ ਦੁਨੀਆਦਾਰੀ ਏ
ਸਾਡੀ ਸਮਝੋਂ ਭਾਰੀ ਏ

ਸਾਡੇ ਦੋਵੇਂ ਹੱਥ ਖੜੇ ਨੇਂ
ਸਾਨੂੰ ਇੱਜ਼ਤ ਪਿਆਰੀ ਏ

ਸਾਡੇ ਭਾਣੇ ਦੁਨੀਆ ਦੋਜ਼ਖ਼
ਹੱਥ ਉਤੇ ਅੰਗਿਆਰੀ ਏ

ਆਪੇ ਆਪਣੀਆਂ ਜਾਣੇ ਉਹ
ਜਿਸ ਇਹ ਖੇਡ ਪਸਾਰੀ ਏ

وعظ اپنے نال برابر تھاں دیویں تے سوچاں گا
ਵਆਇਜ਼ ਆਪਣੇ ਨਾਲ਼ ਬਰਾਬਰ ਥਾਂ ਦੇਵੀਂ ਤੇ ਸੋਚਾਂਗਾ।
ਪਿੱਛੇ ਲੱਗ ਕੇ ਨਾਲ਼ ਕਿਸੇ ਦੇ ਟੁਰਨਾ ਮੇਰੀ ਫ਼ਿਤਰਤ ਨਹੀਂ।

ਇਕੋ ਵਾਰੀ ਸੱੜ ਬੱਲ ਕੇ ਮੈਂ ਕੋਇਲਾ ਹੋਣ ਦਾ ਕਾਇਲ ਵਾਂ
ਹੌਲੀ ਹੌਲੀ ਬਰਫ਼ਾਂ ਵਾਂਗੂੰ ਖੁਰਨਾ ਮੇਰੀ ਫ਼ਿਤਰਤ ਨਹੀਂ।

ਹੋਰਾਂ ਖ਼ਾਤਿਰ ਅਸਮਾਨਾਂ ਦੇ ਤਾਰੇ ਤੋੜ ਲਿਆਵਾਂ ਮੈਂ
ਖ਼ਾਲੀ ਆਪਣੇ ਫ਼ੈਦੇ ਖ਼ਾਤਿਰ ਟੁਰਨਾ ਮੇਰੀ ਫ਼ਿਤਰਤ ਨਹੀ।

ਛੱਲਾਂ ਦੇ ਨਾਲ਼ ਆਢਾ ਲਾ ਕੇ ਰੁੜ੍ਹ ਜਾਵਾਂ ਗਲ ਵੱਖਰੀ ਏ
ਬੇਬਸ ਤੇ ਮਜਬੂਰਾਂ ਵਾਂਗੂੰ ਰੁੜ੍ਹਨਾ ਮੇਰੀ ਫ਼ਿਤਰਤ ਨਹੀਂ।

ਹੋਏ ਜੇ ਤਕਲੀਫ਼ ਕੋਈ ਤੇ ਢਾਵਾਂ ਮਾਰ ਕੇ ਰੋਨਾ ਵਾਂ
ਚੁੱਪ ਚੁਪੀਤੇ ਨੁੱਕਰੇ ਲੱਗ ਕੇ ਕੁੜ੍ਹਨਾ ਮੇਰੀ ਫ਼ਿਤਰਤ ਨਹੀਂ

ਜਿਸ ਰਾਹ ਵੀ ਅਬਰਾਰ ਮੈਂ ਟੁਰਨਾ ਅੱਖੀਆਂ ਮੀਟ ਕੇ ਟੁਰਨਾ ਵਾਂ
ਮੰਜ਼ਿਲ ਲੱਭੇ ਯਾਂ ਨਾ ਲੱਭੇ ਮੁੜਨਾ ਮੇਰੀ ਫ਼ਿਤਰਤ ਨਹੀਂ

ہار

## ਹਾਰ!

ਇਹ ਨਹੀਂ ਕਿ ਮੈਂ ਹਰ ਨਹੀਂ ਸਕਦਾ
ਹਰ ਸਕਨਾ ਵਾਂ!
ਸੋ ਵਾਰੀ ਮੈਂ ਹਰਿਆ ਵੀ ਆਂ
ਪਰ ਮੈਂ ਉਹ ਸਾਂ
ਜਿਹਨੂੰ ਰੱਬ ਦੀ ਜ਼ਾਤ ਦੇ ਮਗਰੋਂ
ਮਾਣ ਸੀ ਆਪਣੀ ਹਿੰਮਤ ਦਾ
ਹਿੰਮਤ ਜਜ਼ਬੇ ਆਪਣੀ ਥਾਵੇਂ
ਜਿੱਤਣ ਦੀ ਮੈਂ ਸੋਂਹ ਨਹੀਂ ਖਾਂਦਾ
ਜਿੱਤਦਾ ਜਿੱਤਦਾ ਕਿੰਨੀ ਵਾਰੀ ਖ਼ਵਰੇ ਹਰਿਆ ਹੋਵਾਂਗਾ
ਪਰ ਏਸ ਗੱਲ ਦੀ ਸੋਂਹ ਏ ਮੈਨੂੰ
ਜੇ ਮੈਂ ਹਾਰ ਦਾ ਮੁਖੜਾ ਤੱਕ ਕੇ ਕਿਧਰੇ ਡਰਿਆ ਹੋਵਾਂਗਾ
ਜਿੰਨੇ ਜੋਗਾ ਵੀ ਮੈਂ ਹੈ ਸਾਂ
ਲੜਦਾ ਸਾਂ ਤੇ ਰੱਜ ਕੇ ਲੜਿਆਂ
ਆਪਣੀ ਹਿੰਮਤੋਂ ਵੱਧ ਕੇ ਲੜਿਆਂ
ਬੱਦਲਾਂ ਵਾਂਗੂੰ ਗੱਜ ਕੇ ਲੜਿਆਂ
ਲੜਿਆਂ ਤੇ ਹਿੱਕ ਡਾਹ ਕੇ ਲੜਿਆਂ
ਹੱਥਾਂ ਚ ਹੱਥ ਪਾ ਕੇ ਲੜਿਆਂ

ਵੈਰੀ ਤੇਜ਼ ਹਵਾਵਾਂ ਨਾਲ਼
ਹਿਰਸ ਹਵਸ ਚ ਅੰਨ੍ਹਿਆਂ ਹੋ ਕੇ
ਚੜ੍ਹੀਆਂ ਲਾਲ਼ ਘਟਾਵਾਂ ਨਾਲ਼
ਵੇਲੇ ਵਾਂਗੂੰ ਰੋਜ਼ ਬਦਲਦੇ
ਦੁਨੀਆਦਾਰ ਭਰਾਵਾਂ ਨਾਲ਼
ਰੱਬ ਦੀ ਕੁੱਲ ਖ਼ੁਦਾਈ ਅੰਦਰ
ਕਹਿਰ ਦੀ ਅੱਤ ਦੁਹਾਈ ਅੰਦਰ
ਹੱਕ ਦੀ ਏਸ ਲੜਾਈ ਅੰਦਰ
ਕੱਸਮੇ ਸੋਹਣੇ ਰੱਬ ਦੀ ਕੱਸਮੇ
ਮੈਂ ਨਹੀਂ ਵੇਖੇ ਘੁੱਪ ਹਨ੍ਹੇਰੇ
ਮੈਂ ਨਹੀਂ ਜਾਣੇ ਰਾਹ ਦੇ ਪੱਥਰ
ਮੈਂ ਨਹੀਂ ਸਮਝੇ ਜੰਗਲ਼ ਬੇਲੇ
ਪਰ ਹੁਣ ਇੰਝ ਏ
ਹੁਣ ਮੈਥੋਂ ਇਹ ਥੱਕੀਆਂ ਟੁੱਟੀਆਂ ਬਾਂਹਵਾਂ ਲੈ ਕੇ
ਛਾਲੇ ਛਾਲੇ ਪੈਰਾਂ ਦੇ ਨਾਲ਼
ਕੰਡਿਆਂ ਭਰੀਆਂ ਰਾਹਵਾਂ ਉਤੇ
ਹੋਰ ਟੁਰਣ ਨਹੀਂ ਹੁੰਦਾ
ਕੱਚੀ ਕੰਧ ਦੀ ਮਿੱਟੀ ਵਾਂਗੂੰ
ਰੋਜ਼ ਭੁਰਣ ਨਹੀਂ ਹੁੰਦਾ
ਅੱਜ ਮੈਂ ਆਪਣੇ ਮੂੰਹੋਂ ਮੰਨਨਾਂ
ਵਰ੍ਹਿਆਂ ਦੀ ਏਸ ਜੰਗ ਦੇ ਅੰਦਰ
ਹਿੰਮਤਾਂ ਦੇ ਸਿਰ ਲੜਦਾ ਲੜਦਾ

ਬੇਹਿੰਮਤੀ ਦੇ ਸਿਰ ਦੇ ਉਤੋਂ
ਸਾਰੇ ਜਜ਼ਬੇ ਵਾਰ ਗਇਆਂ
ਕਿਸਮਤ ਨਾਲ਼ ਲੜਾਈ ਕਰਦਾ
ਲੋਕਾਂ ਅੱਗੇ ਹਾਰ ਗਇਆਂ

ہنجو پلے پان دی گل اے
ਹੰਝੂ ਪੱਲੇ ਪਾਣ ਦੀ ਗੱਲ ਏ
ਇਸ਼ਕ ਨਿਰੇ ਨੁਕਸਾਨ ਦੀ ਗੱਲ ਏ

ਕੱਚੇ ਘੜੇ ਤੇ ਦਰਿਆ ਤਰਨਾ
ਕੀਤਾ ਕੌਲ ਨਿਭਾਨ ਦੀ ਗੱਲ ਏ

ਯਾਦ ਕਿਸੇ ਨੂੰ ਟੁੱਟ ਕੇ ਕਰਨਾ
ਅਪਣਾ ਆਪ ਗਵਾਣ ਦੀ ਗੱਲ ਏਏ

ਮਰਦਾ ਨਹੀਂ ਕੋਈ ਕਲ੍ਹਿਆਂ ਹੋ ਕੇ
ਦਿਲ ਨੂੰ ਬੱਸ ਸਮਝਾਣ ਦੀ ਗੱਲ ਏ

ਪਿਆਰ, ਮੁਹੱਬਤ, ਵਾਅਦੇ, ਕਸਮਾਂ
ਜੀਂਦੇ ਜੀ ਮਰ ਜਾਣ ਦੀ ਗੱਲ ਏ

ਮੈਂ ਅਬਰਾਰ ਮੁਹੱਬਤ ਕਰਨਾ
ਇਹ ਕਿਹੜੇ ਅਹਿਸਾਨ ਦੀ ਗੱਲ ਏ

سوہنی

## ਸੋਹਣੀ!

ਠੀਕ ਨਹੀਂ ਹੁੰਦਾ
ਚੜ੍ਹਦੇ ਜ਼ੋਰ ਜਵਾਨੀ ਵੇਲੇ
ਕਰ ਕੇ ਪੂਰੇ ਹਾਰ ਸ਼ਿੰਗਾਰ
ਹੀਰ ਦੀ ਰੀਸੇ
ਇਸ਼ਕ ਚ ਆਪਣੀ ਸੁਰਤ ਗੰਵਾ ਕੇ
ਪੈਰਾਂ ਹੇਠ ਮਧੋਲ ਕੇ ਆਪਣੀ
ਕਰਮਾਂ ਵਾਲੀ ਮਾਂ ਦੀ ਚੁੰਨੀ
ਸਿਰ ਤੋਂ ਸ਼ਰਮ ਦੀ ਚਾਦਰ ਲਾਹ ਕੇ
ਬਾਬਲ ਦੀ ਪੱਗ ਭੁੰਜੇ ਸੁੱਟ ਕੇ
ਵੀਰਾਂ ਦੇ ਸਿਰ ਘਟਾ ਪਾ ਕੇ
ਅੱਧੀ ਰਾਤੀਂ ਘੁੱਪ ਹਨ੍ਹੇਰੇ
ਸਭਨਾਂ ਕੋਲੋਂ ਚੋਰੀ ਚੋਰੀ
ਆਸ ਮਿਲਣ ਦੀ ਸੀਨੇ ਲੈ ਕੇ
ਪੱਕੀਆਂ ਪੱਕੀਆਂ ਥਾਂਵਾਂ ਉਤੇ ਕਲ੍ਹਿਆਂ ਫਿਰਨਾ
ਪਰ ਏਸ ਗੱਲ ਨੂੰ ਉਹ ਕੀ ਜਾਣੇ
ਉਹ ਤੇ ਅੱਧੀ ਪਾਗਲ ਏ

ہولا ہون نوں جی کردا اے

ਹੌਲਾ ਹੋਣ ਨੂੰ ਜੀ ਕਰਦਾਏ
ਰੱਜ ਕੇ ਰੋਣ ਨੂੰ ਜੀ ਕਰਦਾਏ

ਜਿਸਰਾਂ ਜਿਸਰਾਂ ਸ਼ਾਮ ਏ ਪੈਂਦੀ
ਕਲ੍ਹਿਆਂ ਭੌਣ ਨੂੰ ਜੀ ਕਰਦਾਏ

ਦਿਲ ਦੇ ਚਰਖ਼ੇ ਕੱਤ ਕੱਤ ਪੀੜਾਂ
ਥੱਕ ਕੇ ਸੌਣ ਨੂੰ ਜੀ ਕਰਦਾਏ

ਕਦੀ ਕਦੀ ਸਭ ਹੋਸ਼ ਭੁਲਾ ਕੇ
ਕਮਲੇ ਹੋਣ ਨੂੰ ਜੀ ਕਰਦਾਏ

ਵਰ੍ਹਿਓਂ ਖੁੱਲੇ ਆਸ ਦੇ ਬੂਹੇ
ਬੱਸ ਹੁਣ ਢੋਣ ਨੂੰ ਜੀ ਕਰਦਾਏ

اِک دلاسے بعد دل نوں اِک دلاسا دے رہیاں
ਇੱਕ ਦਿਲਾਸੇ ਬਾਅਦ ਦਿਲ ਨੂੰ ਇੱਕ ਦਿਲਾਸਾ ਦੇ ਰਹਿਆਂ
ਜਿਵੇਂ ਆਪਣੇ ਆਪ ਨੂੰ ਮੈਂ ਕੋਈ ਧੋਖਾ ਦੇ ਰਹਿਆਂ

ਮੈਂ ਜਿਵੇਂ ਦੁਨੀਆ ਦੇ ਮੇਲੇ ਚ ਗਵਾਚਾ ਬਾਲ ਵਾਂ
ਜਿਸ ਜਗ੍ਹਾ ਲੱਭਣਾ ਨਹੀਂ ਓਥੇ ਖ਼ੁਦ ਨੂੰ ਹੌਕਾ ਦੇ ਰਹਿਆਂ

ਤੂੰ ਅਜੇ ਵੀ ਸੋਚ ਲੈ ਆਪਣੇ ਨਫ਼ੇ ਨੁਕਸਾਨ ਨੂੰ
ਮੈਂ ਕਿਸੇ ਵੀ ਕੌਲ ਤੋਂ ਪਹਿਲਾਂ ਇਹ ਮੌਕਾ ਦੇ ਰਹਿਆਂ

ਮੇਰੇ ਪੱਲੇ ਹੋਰ ਕੁੱਝ ਸੌਗ਼ਾਤ ਨਹੀਂ ਤੇਰੇ ਲਈ
ਮੈਂ ਤੇਰੀ ਅੱਖੀਆਂ ਦੇ ਸਦਕੇ ਅਪਣਾ ਸੁਫ਼ਨਾ ਦੇ ਰਹਿਆਂ

ਤੇਰੇ ਮਗਰੋਂ ਬਾਲ ਕੇ ਅੱਖੀਆਂ ਚ ਦੀਵੇ ਆਸ ਦੇ
ਮੈਂ ਕਦੇ ਕੀਤੀ ਸੀ ਜਿਹੜੀ ਗੱਲ ਦਾ ਪਹਿਰਾ ਦੇ ਰਹਿਆਂ

جد تک سینیوں ساہ نہیں مُکنے
ਜਦ ਤੱਕ ਸੀਨਿਓਂ ਸਾਹ ਨਹੀਂ ਮੁਕਣੇ
ਲੇਖਾਂ ਵਾਲੇ ਫਾਹ ਨਹੀਂ ਮੁਕਣੇ

ਸਾਨੂੰ ਮੰਜ਼ਿਲ ਲੱਭ ਵੀ ਗਈ ਤੇ
ਵਰ੍ਹਿਆਂ ਦੇ ਤਰਸਾ ਨਹੀਂ ਮੁਕਣੇ

ਇੱਕ ਦੇ ਮਗਰੋਂ ਇੱਕ ਸਿਆਪਾ
ਪਲ ਪਲ ਦੇ ਘਬਰਾ ਨਹੀਂ ਮੁਕਣੇ

ਅਨ-ਹੋਣੀ ਨੇ ਹੋ ਕੇ ਰਹਿਣਾ
ਅਨ-ਹੋਣੀ ਦੇ ਦਾਅ ਨਹੀਂ ਮੁਕਣੇ

ਤੈਨੂੰ ਭਾਵੇਂ ਲੋੜ ਨਹੀਂ ਸਾਡੀ
ਸਾਨੂੰ ਤੇਰੇ ਚਾਹ ਨਹੀਂ ਮੁਕਣੇ

ਇਸ਼ਕ ਦੇ ਪੈਂਡੇ ਔਖੇ ਪੈਂਡੇ
ਮਰਕੇ ਵੀ ਇਹ ਰਾਹ ਨਹੀਂ ਮੁਕਣੇ

جد وی اوہدی شکل بُھلانی پیندی اے

ਜਦ ਵੀ ਉਹਦੀ ਸ਼ਕਲ ਭੁਲਾਣੀ ਪੈਂਦੀ ਏ
ਪਹਿਲੇ ਆਪਣੀ ਸੁਰਤ ਗੰਵਾਣੀ ਪੈਂਦੀ ਏ

ਅੱਜ ਵੀ ਉਹਦੀ ਯਾਦ ਦੀ ਭੱਠੀ ਭੱਖ਼ਦੀ ਏ
ਅੱਜ ਵੀ ਅੱਗ ਨਾਲ਼ ਪਿਆਸ ਬੁਝਾਣੀ ਪੈਂਦੀ ਏ

ਅੱਜ ਵੀ ਰਾਤਾਂ ਤਾਰੇ ਗਿਣ ਗਿਣ ਕਢਨੇ ਆਂ
ਅੱਜ ਵੀ ਰੋ ਰੋ ਰਾਤ ਲੰਗਾਣੀ ਪੈਂਦੀ ਏ

ਅੱਜ ਵੀ ਦਿਲ ਨਹੀਂ ਮਨਦਾ ਸਾਡੇ ਤਰਲੇ ਨੂੰ
ਅੱਜ ਵੀ ਦਿਲ ਨੂੰ ਗੱਲ ਸਮਝਾਣੀ ਪੈਂਦੀ ਏ

ਬਾਅਜ਼ੇ ਵੇਲੇ ਭਾਰ ਨਹੀਂ ਹੁੰਦਾ ਕੱਸਮਾਂ ਦਾ
ਬਾਅਜ਼ੇ ਵੇਲੇ ਗੱਲ ਵਿਆਹੁਣੀ ਪੈਂਦੀ ਏ

جان دا صدقہ اُتاری جا رہیاں

ਜਾਨ ਦਾ ਸਦਕਾ ਉਤਾਰੀ ਜਾ ਰਹਿਆਂ
ਜੀਣ ਦੀ ਸੱਧਰ ਨੂੰ ਮਾਰੀ ਜਾ ਰਹਿਆਂ

ਜ਼ਿੰਦਗੀ ਆਪਣੀ ਵੀ ਏ ਕੋਈ ਜੂਆ
ਆਸ ਚ ਜਿੱਤਣ ਦੀ ਹਾਰੀ ਜਾ ਰਹਿਆਂ

ਉਹਦੀ ਮਰਜ਼ੀ ਉਹ ਸੁਣੇ ਯਾ ਨਾ ਸੁਣੇ
ਮੈਂ ਤੇ ਆਪਣੀ ਥਾਂ ਪੁਕਾਰੀ ਜਾ ਰਹਿਆਂ

ਚੜ੍ਹ ਕੇ ਆਪਣੀ ਸੋਚ ਦੀ ਸੂਲ਼ੀ ਤੇ ਮੈਂ
ਜ਼ਿੰਦਗੀ ਦੇ ਦਿਨ ਗੁਜ਼ਾਰੀ ਜਾ ਰਹਿਆਂ

ਆਪ ਆਪਣੀ ਜਾਨ ਦੁਸ਼ਮਣ ਹੋਇਆਂ
ਆਪ ਆਪਣਾ ਆਪ ਮਾਰੀ ਜਾ ਰਹਿਆਂ

جین دی خاطر

## ਜੀਣ ਦੀ ਖ਼ਾਤਿਰ!

ਜਾਣ ਕੇ ਆਪਣੀ ਅੱਗ ਵਿਚ ਸੜਨਾ
ਕਿਹਨੂੰ ਵਾਰਾ ਖਾਂਦਾ ਏ
ਆਪਣੀ ਰੱਤ ਵਿਚ ਆਪੇ ਤਰਨ
ਕਿਹਨੂੰ ਵਾਰਾ ਖਾਂਦਾ ਏ
ਜੀ ਨਾ ਚਾਹਵੇ ਮੁੜ ਵੀ ਮਰਨਾ ਪੈਂਦਾ ਏ
ਏਸ ਦੁਨੀਆ ਵਿਚ ਜੀਣ ਦੀ ਖ਼ਾਤਿਰ
ਸਭ ਕੁੱਝ ਕਰਨਾ ਪੈਂਦਾ ਏ

دو شعر

## ਦੋ ਸ਼ਿਅਰ

جیہڑے تیری راہ ککھ نیں

ਜਿਹੜੇ ਤੇਰੀ ਰਾਹ ਕੱਖ ਨੇਂ
ਸਾਡੇ ਲਈ ਤੇ ਉਹ ਵੀ ਲੱਖ ਨੇਂ

ਉਂਝ ਤੇ ਤੇਰੇ ਨਾਲ਼ ਟੁਰਾਂਗੇ
ਅੱਜ ਤੋਂ ਸਾਡੇ ਰਸਤੇ ਵੱਖ ਨੇਂ

کیتے ہوئے پیمان دی قیمت بھر رہے آں
ਕੀਤੇ ਹੋਏ ਪੈਮਾਨ ਦੀ ਕੀਮਤ ਭਰ ਰਹੇ ਆਂ
ਨਿੱਕੇ ਜਿਹੇ ਅਰਮਾਨ ਦੀ ਕੀਮਤ ਭਰ ਰਹੇ ਆਂ

ਫ਼ੈਦੇ ਦੀ ਤੇ ਗੱਲ ਕੀ ਕਰੀਏ ਫ਼ਾਇਦਾ ਏ
ਸਾਹ ਸਾਹ ਨਾਲ਼ ਨੁਕਸਾਨ ਦੀ ਕੀਮਤ ਭਰ ਰਹੇ ਆਂ

ਵਰ੍ਹਿਆਂ ਮਗਰੋਂ ਅੱਜ ਵੀ ਖੋਲ ਕੇ ਬੂਹੇ ਨੂੰ
ਤੇਰੇ ਮੁੱਖ ਪਰਤਾਨ ਦੀ ਕੀਮਤ ਭਰ ਰਹੇ ਆਂ

ਸੀਨੇ ਵਿਚ ਇਹ ਦਿਲ ਮੇਰਾ ਨਹੀਂ ਤੇਰਾ ਏ
ਤੇਰੇ ਨਾਲ਼ ਦਿਲ ਲਾਨ ਦੀ ਕੀਮਤ ਭਰ ਰਹੇ ਆਂ

ਸੜਦੀ ਧੁੱਪੇ ਚੜ੍ਹ ਅਹਿਸਾਸ ਦੀ ਸੂਲ਼ੀ ਤੇ
ਝੂਠੇ ਮਾਣ ਤਰਾਨ ਦੀ ਕੀਮਤ ਭਰ ਰਹੇ ਆਂ

## کیہڑی جُوہے آ بیٹھے آں

ਕਿਹੜੀ ਜੂਹੇ ਆ ਬੈਠੇ ਆਂ
ਅਪਣਾ ਆਪ ਗਵਾ ਬੈਠੇ ਆਂ

ਰੱਗ ਰੱਗ ਦੇ ਵਿਚ ਪੀੜ ਭਰੀ ਏ
ਕੈਸੇ ਦਰਦ ਜਗਾ ਬੈਠੇ ਆਂ

ਮਨ ਦਾ ਰੋਗ ਨਾ ਮੁੱਕਿਆ ਫ਼ਿਰ ਵੀ
ਤਿੰਨ ਦਾ ਮਾਸ ਖਵਾ ਬੈਠੇ ਆਂ

ਸੱਧਰਾਂ ਦੇ ਨਾਲ਼ ਭਰਿਆ ਸੀਨਾ
ਜ਼ਖ਼ਮਾਂ ਨਾਲ਼ ਸਜਾ ਬੈਠੇ ਆਂ

ਕੱਲ੍ਹ ਦੀ ਆਸ ਤੇ ਟੁਰਦੇ ਟੁਰਦੇ
ਸਾਰੀ ਉਮਰ ਹੰਢਾ ਬੈਠੇ ਆਂ

ਬੱਸ ਇੱਕ ਰੱਬ ਦੀ ਆਸ ਏ ਬਾਕੀ
ਹਰ ਇੱਕ ਢੇਰੀ ਢਾ ਬੈਠੇ ਆਂ

کون اے تے کیہدے لئی کرنا ایں دوستا
ਕੌਣ ਏ ਤੇ ਕਿਹਦੇ ਲਈ ਕਰਨਾ ਐਂ ਦੋਸਤਾ
ਐਬਾਂ ਵਾਲੇ ਵਰਕੇ ਕਿਉਂ ਭਰਨਾ ਐਂ ਦੋਸਤਾ

ਸੋ ਵਰ੍ਹੇ ਜ਼ਿੰਦਗੀ ਵੀ ਹੋਵੇ ਤੇ ਇਹ ਝੂਠ ਏ
ਹੱਕ ਏ ਬਈ ਇੱਕ ਦਿਨ ਮਰਨਾ ਐਂ ਦੋਸਤਾ

ਸ਼ੀਸ਼ੇ ਨਾਲ਼ ਅੱਖੀਆਂ ਨੂੰ ਚਾਰ ਕਿਉਂ ਨਹੀਂ ਕਰਦਾ
ਕਿਹੜੀ ਗੱਲੋਂ ਸ਼ੀਸ਼ੇ ਕੋਲੋਂ ਡਰਨਾ ਐਂ ਦੋਸਤਾ

ਕਿੰਨਾ ਚਿਰ ਡੱਕ ਕੇ ਤੂੰ ਰੱਖਣੇ ਨੇਂ ਅੱਥਰੂ
ਇੱਕ ਦਿਨ ਬੱਦਲਾਂ ਨੇਂ ਵਰ੍ਹਨਾ ਐਂ ਦੋਸਤਾ

ਜ਼ਿੰਦਗੀ ਵੀ ਜਿਵੇਂ ਕੋਈ ਦਰਿਆ ਏ ਚੜ੍ਹਿਆ
ਸੋਹਣੀ ਵਾਂਗੂੰ ਕੱਚੇ ਘੜੇ ਤਰਨਾ ਐਂ ਦੋਸਤਾ

اِک دوجے دا ناں نہیں لیندے لوکی کِڈّے کافر نیں
ਇੱਕ ਦੂਜੇ ਦਾ ਨਾਂ ਨਹੀਂ ਲੈਂਦੇ ਲੋਕੀ ਕਿਡੇ ਕਾਫ਼ਰ ਨੇਂ
ਇਕੋ ਥਾਂ ਇੰਝ ਉਠਦੇ ਬਹਿੰਦੇ ਲੋਕੀ ਕਿਡੇ ਕਾਫ਼ਰ ਨੇਂ

ਇੱਕ ਦੂਜੇ ਦੀ ਜਾਨ ਦੇ ਦੁਸ਼ਮਣ ਭੁੱਲ ਗਏ ਪਿਆਰ ਦੀ ਕਦਰਾਂ ਨੂੰ
ਮਾੜੀ ਜਿਹੀ ਵੀ ਗੱਲ ਨਹੀਂ ਸਹਿੰਦੇ ਲੋਕੀ ਕਿਡੇ ਕਾਫ਼ਰ ਨੇਂ

ਆਪਣੇ ਤੋਂ ਵੱਖ ਵੇਖ ਨਹੀਂ ਸਕਦੇ ਨੇੜੇ ਕੋਈ ਪਰਛਾਵਾਂ ਹੋਰ
ਆਪਣੀ ਜ਼ਾਤ ਚ ਖੁਭੇ ਰਹਿੰਦੇ ਲੋਕੀ ਕਿਡੇ ਕਾਫ਼ਰ ਨੇਂ

ਮਤਲਬ ਜੇ ਮਜਬੂਰ ਕਰੀਏ ਤੇ ਮੁਖ਼ਲਿਸ ਬਣ ਕੇ ਮਿਲਦੇ ਨੇਂ
ਮਤਲਬ ਕਢ ਕੇ ਰਸਤੇ ਪੈਂਦੇ ਲੋਕੀ ਕਿਡੇ ਕਾਫ਼ਰ ਨੇਂ

ਚਾਰ ਦਿਹਾੜੇ ਜਾਨ ਹਯਾਤੀ ਮੁੜ ਵੀ ਖ਼ਵਰੇ ਕਿਉਂ ਅਬਰਾਰ
ਇੱਕ ਦੂਜੇ ਤੋਂ ਰੁੱਸੇ ਰਹਿੰਦੇ ਲੋਕੀ ਕਿਡੇ ਕਾਫ਼ਰ ਨੇਂ

بند گلی

## ਬੰਦ ਗਲੀ!

ਇੱਕ ਪਾਸੇ ਤੇ ਮੌਤ ਖੜੀ ਮਜਬੂਰੀ ਦੀ
ਦੂਜੇ ਪਾਸੇ ਜ਼ਹਿਰੀ ਨਾਗ ਨੇਂ ਰਸਮਾਂ ਦੇ
ਨਾਜ਼ੁਕ ਜੁੱਸੇ, ਮਾੜੀ ਜਾਨ ਵਿਚਾਰੇ ਲੋਕ
ਬੰਦ ਗਲੀ ਦੇ ਅੰਦਰ ਫਸੇ
ਆਪਣੇ  ਦਰਦ  ਦਾ ਦਾਰੂ ਲੱਭਣ
ਕਿੱਥੇ ਜਾਣ ਵਿਚਾਰੇ ਲੋਕ?

بے بسی
# ਬੇਬਸੀ

ਸੜਦੀ ਧੁੱਪ ਤੇ ਨਾਜ਼ੁਕ ਜੁੱਸੇ
ਬਲਦੇ ਜਾਣ ਵਿਚਾਰੇ ਲੋਕ
ਝੂਠੀ ਆਸ ਤੇ ਲਾਰੇ ਲਾ ਕੇ
ਦਿਲ ਨੂੰ ਰੌਸ਼ਨ ਮੁਸਤਕਬਿਲ ਦੇ
ਆਪਣੇ ਆਪਣੇ ਸਿਰ ਦੇ ਉੱਤੇ
ਭਾਰੀ ਪੰਡ ਹਯਾਤੀ ਚੁੱਕ ਕੇ
ਪਲ ਪਲ ਸੋਚ ਖ਼ਿਆਲਾਂ ਅੰਦਰ
ਚਲਦੇ ਜਾਣ ਵਿਚਾਰੇ ਲੋਕ

مِتر

ਮਿੱਤਰ!

ਉਤੋਂ ਉਤੋਂ ਚਾਰ ਕੇ ਮੈਨੂੰ
ਅੰਦਰ ਖ਼ਾਨੇ ਵਢਦੇ  ਨੇਂ
ਮੇਰੇ ਮਿੱਤਰ, ਮੇਰੇ ਬੈਲੀ
ਜਿਹੜੇ ਮੇਰੇ ਮੂੰਹ ਤੇ ਮੈਨੂੰ
ਚੰਗਾ ਆਖਦੇ ਥੱਕਦੇ ਨਹੀਂ
ਮੇਰੇ ਪਿੱਛੋਂ ਮੇਰੇ ਅੰਦਰ
ਲੱਖ ਬੁਰਾਈਆਂ ਕਢਦੇ ਨੇਂ

بد امنی دی اِک تصویر

# ਬਦ-ਅਮਨੀ ਦੀ ਇੱਕ ਤਸਵੀਰ!

(ਦੁਨੀਆ ਭਰ ਦੇ ਮਜ਼ਲੂਮਾਂ ਲਈ ਇੱਕ ਨਜ਼ਮ)

ਬਦ-ਅਮਨੀ ਦੇ ਸ਼ਰ ਤੋਂ ਡਰਦੇ
ਵਾਹਵਾ  ਦਿਨ ਤੋਂ
ਆਪਣੇ ਘਰ ਦੀ ਚਾਰ ਦੀਵਾਰੀ ਦੇ ਵਿਚ ਡੱਕੇ
ਨਿੱਕੇ ਨਿੱਕੇ ਫੁੱਲਾਂ ਵਰਗੇ
ਅੱਠ ਅੱਠ ਪਹਿਰ ਦੇ ਭੁੱਖੇ ਬਾਲ
ਸਾਰੇ ਸਬਕ ਨਸੀਹਤਾਂ ਭੁੱਲ ਕੇ
ਹੋ ਕੇ ਭੁੱਖ ਦੇ ਨਾਲ਼ ਨਿਢਾਲ
ਆਪਣੀ ਆਪਣੀ ਅੰਮੀ ਕੋਲੋਂ
ਰੋਂਦੇ ਰੋਂਦੇ
ਖਾਣ ਨੂੰ ਜਦ ਕੁਝ ਮੰਗਦੇ ਨੇਂ
ਤੇ ਇਹਦੇ ਬਦਲੇ
ਗਲ਼ ਨਾਲ਼ ਲਾਕੇ ਉਹਨਾਂ ਨੂੰ
ਹੋਰ ਦਿਲਾਸੇ ਦੇਂਦੀ ਦੇਂਦੀ
ਆਖ਼ਿਰ ਸਬਰ ਦਾ ਦਾਮਨ ਛੱਡ ਕੇ
ਆਪੇ ਵੀ ਉਹਨਾਂ ਦੀ ਅੰਮੀ
ਜਦ  ਆਪਣੀ ਬੇਬਸੀ ਅਤੇ
ਬਾਲਾਂ ਵਾਂਗਰ ਰੋਂਦੀ ਏ

ਤੇ ਅਮਨ ਦੀ ਦੇਵੀ
ਨਿਹਸ਼ਾਂ ਵਾਂਗਰ
ਆਪਣੇ ਸਿਰ ਵਿਚ ਭੁੱਬਲ ਪਾਕੇ
ਕਲਮ-ਕੱਲੀ, ਅੱਧੀ ਰਾਤੀਂ
ਸੁੰਜਮ ਸੁੰਜੀਆਂ ਸੜਕਾਂ ਉਤੇ
ਬੁੜ ਬੁੜ ਕਰਦੀ,ਮੰਦੇ ਕਹਿੰਦੀ
ਅਮਨ ਦੇ ਠੇਕੇਦਾਰਾਂ ਨੂੰ
ਡੈਣਾਂ ਵਾਂਗਰ ਵਾਲ਼ ਖਿਲਾਰੇ
ਅੱਡੀਆਂ ਮਾਰ ਕੇ ਰੋਂਦੀ ਏ

نہ ہسن نہ رون دا دُکھ اے

ਨਾ ਹਸਣ ਨਾ ਰੌਣ ਦਾ ਦੁੱਖ ਏ
ਸਾਰਾ ਸਾਡੇ ਹੋਣ ਦਾ ਦੁੱਖ ਏ

ਨਿੱਕੀ ਉਮਰੇ ਵੱਡੇ ਹੋ ਗਏ
ਛੇਤੀ ਵੱਡੇ ਹੋਣ ਦਾ ਦੁੱਖ ਏ

ਉਹ ਵਾਅਦਾ ਜੋ ਹੋ ਨਈਂ ਸਕਿਆ
ਓਸ ਵਾਅਦੇ ਤੋਂ ਭੌਣ ਦਾ ਦੁੱਖ ਏ

ਅੱਖੀਆਂ ਵਿਚੋਂ ਰੜਕ ਨਈਂ ਮੁੱਕਣੀ
ਹੱਥੋਂ ਵੇਲ਼ਾ ਖੋਣ ਦਾ ਦੁੱਖ ਏ

ਅੱਧ ਵਿਚਕਾਰੋਂ ਸੁਫ਼ਨਾ ਟੁੱਟਿਆ
ਕੱਚੀ ਨੀਂਦਰ ਸੌਣ ਦਾ ਦੁੱਖ ਏ

## اوہدے مُکھ پرتان توں پہلے

ਓਹਦੇ ਮੁੱਖ ਪਰਤਾਣ ਤੋਂ ਪਹਿਲੇ
ਡੱਕ ਲਏ ਅੱਥਰੂ ਆਣ ਤੋਂ ਪਹਿਲੇ

ਸੋਚਣ ਵਾਲੀ ਗੱਲ ਨਾ ਸੋਚੀ
ਸੁੱਤੇ ਰਹੇ ਤੂਫ਼ਾਨ ਤੋਂ ਪਹਿਲੇ

ਓਹਦੀ ਗਿੱਲ ਨੇ ਮਾਰ ਮੁਕਾਇਆ
ਮਰ ਗਏ ਮੋਹਰਾ ਖਾਣ ਤੋਂ ਪਹਿਲੇ

ਟੁੱਟੇ ਦਿਲ ਨਾਲ਼ ਸੋਚ ਰਿਹਾ ਵਾਂ
ਕੀ ਸੀ ਏਸ ਜਹਾਨ ਤੋਂ ਪਹਿਲੇ

ਬਹਿ ਜਾ ਨੇੜੇ ਦੁੱਖ ਸੁੱਖ ਕਰੀਏ
ਇੱਕ ਦੂਜੇ ਨੂੰ ਢਾਣ ਤੋਂ ਪਹਿਲੇ

ਦਿਲ ਵਿਚ ਮੈਲ ਨਾ ਰਹਿੰਦੀ ਮਾਸਾ
ਮਿਲ ਜਾਂਦਾ ਜੇ ਜਾਣ ਤੋਂ ਪਹਿਲੇ

ਆ ਹੋਣੀ ਨੂੰ ਮਾਰ ਮੁਕਾਈਏ
ਵਿਛੜਨ ਦੇ ਇਮਕਾਨ ਤੋਂ ਪਹਿਲੇ

ਹਰ ਇਕ ਧੋਖਾ ਜਾਣ ਕੇ ਖਾਹਦਾ
ਹੱਸ ਹੱਸ ਕੇ ਨੁਕਸਾਨ ਤੋਂ ਪਹਿਲੇ

اُڈیک

## ਉਡੀਕ!!!

ਪਾਗਲਪਨ ਨੂੰ ਸਮਝ ਕੇ ਹਿੰਮਤ
ਵਰ੍ਹਿਆਂ ਪਿੱਛੋਂ
ਯਾਸ ਦੀ ਚਲਦੀ ਨ੍ਹੇਰੀ ਅੰਦਰ
ਸੱਜਣਾਂ ਤੇਰੀ ਆਸ ਦੇ ਦੀਵੇ
ਦਿਲ ਦੇ ਆਖੇ
ਦੋ ਅੱਖੀਆਂ ਵਿਚ
ਅੱਜ ਵੀ ਬਾਲ ਕੇ ਬੈਠਾ ਵਾਂ
ਉਮਰਾਂ ਗਾਲ਼ ਕੇ ਬੈਠਾ ਵਾਂ

کیہڑی کرنی کرنے پئے آں

ਕਿਹੜੀ ਕਰਨੀ ਕਰਨੇ ਪਏ ਆਂ
ਪੁੱਠੀ ਤਾਰੀ ਤੱਰਨੇ ਪਏ ਆਂ

ਸਾਰਾ ਸਾਡੇ ਹੋਣ ਦਾ ਮੁੱਲ ਏ
ਸਾਹਵਾਂ ਵਿਚ ਜੋ ਭਰਨੇ ਪਏ ਆਂ

ਆਪਣੇ ਆਪ ਦਾ ਖ਼ੌਫ਼ ਏ ਸਾਨੂੰ
ਆਪਣੇ ਕੋਲੋਂ ਡਰਨੇ ਪਏ ਆਂ

ਮਰਜ਼ੀ ਦੇ ਨਾਲ਼ ਜੀਣ ਦੀ ਖ਼ਾਤਿਰ
ਹੌਲੀ ਹੌਲੀ ਮਰਨੇ ਪਏ ਆਂ

ਇਹ ਸਭ ਖੇਡ ਮੁਕੱਦਰਾਂ ਦੀ ਏ
ਸੂਰਜ ਹੇਠਾਂ ਠਰਨੇ ਪਏ ਆਂ

قطعہ

ਕਤਾਹ

گھاٹے نہ نقصان دا دُکھ اے

ਘਾਟੇ ਨਾ ਨੁਕਸਾਨ ਦਾ ਦੁੱਖ ਏ
ਸਾਨੂੰ ਤੇਰੇ ਜਾਣ ਦਾ ਦੁੱਖ ਏ
ਇਕ ਦੁੱਖ ਤੇਰੇ ਭੁੱਲ ਜਾਵਣ ਦਾ
ਇਕ ਤੇਰੇ ਅਹਿਸਾਨ ਦਾ ਦੁੱਖ ਏ

**قطعہ**

ਕਤਾਹ

ویکھو کِنّی ہور نبھے گی ساہواں نال

ਵੇਖੋ ਕਿੰਨੀ ਹੋਰ ਨਿਭੇਗੀ ਸਾਹਵਾਂ ਨਾਲ਼

ਸੀਨੇ ਵਿਚੋਂ ਖ਼ੂਨ ਨਿਕਲਦਾਏ ਹਾਵਾਂ ਨਾਲ਼

ਵੈਰੀ ਸੂਰਜ ਸਿਰ ਤੇ ਭਾਂਬੜ ਬਾਲੇ ਨੇਂ

ਕੱਦ ਤੱਕ ਅਪਣਾ ਆਪ ਬਚਾਵਾਂ ਬਾਹਵਾਂ ਨਾਲ

قیامت

## ਕਿਆਮਤ !!!

ਮੁਹੱਬਤ ਦੇ ਮਾਰੇ
ਮੁਹੱਬਤ ਦੀ ਖ਼ਾਤਿਰ
ਸਦਾ ਤੋਂ ਈ ਕੁਰਬਾਨੀ ਦੇਂਦੇ ਰਹੇ ਨੇਂ
ਜੇ ਅੱਜ ਤੇਰੀ ਖ਼ਾਤਿਰ
ਤੇਰੇ ਆਖਣੇ ਤੇ
ਨਾ ਚਾਹਵਣ ਦੇ ਮਗਰੋਂ
ਨਾ ਚਾਹਵਣ ਦੀ ਤੈਨੂੰ
ਮੈਂ ਕੁਰਬਾਨੀ ਦੇਵਾਂ
ਤੇ ਇਹ ਗੱਲ! ਐਡੀ ਅਨੋਖੀ ਨਹੀਂ ਹੋਣੀ
ਮੇਰੇ ਦਿਲ ਤੇ ਗੁਜ਼ਰੇ ਸੌ ਗੁਜ਼ਰੇ ਕਿਆਮਤ
ਮੇਰੀ ਏਸ ਨਿੱਕੀ ਜਿਹੀ ਕੁਰਬਾਨੀ ਪਿੱਛੋਂ
ਦੁਨੀਆ ਤੇ ਕੋਈ ਨਹੀਂ ਕਿਆਮਤ ਆਣੀ

سُتے بھاگ جگا جاندا اے
ਸੁੱਤੇ ਭਾਗ ਜਗਾ ਜਾਂਦਾ ਏ
ਜਦ ਉਹ ਸੁਫ਼ਨੇ ਆ ਜਾਂਦਾ ਏ

ਉਹਦਾ ਆਣਾ ਸਤ ਬਿਸਮਿਲਹਾ
ਆ ਕੇ ਮਾਣ ਵੱਧਾ ਜਾਂਦਾ ਏ

ਉਹਦਾ ਚੇਤਾ ਰਾਤ ਦੀ ਰਾਣੀ
ਸਾਰਾ ਘਰ ਮਹਿਕਾ ਜਾਂਦਾ ਏ

ਉਹਦੇ ਨਾਲ਼ ਬਹਾਰ ਦਾ ਮੌਸਮ
ਹਰ ਮੌਸਮ ਵਿਚ ਆ ਜਾਂਦਾ ਏ

ਉਹ ਹੋਵੇ ਯਾਂ ਚੇਤਾ ਉਹਦਾ
ਕਲ੍ਹਿਆਂ ਦਿਲ ਘਬਰਾ ਜਾਂਦਾ ਏ

تن دا ماس کھوائی رکھنا سوکھا نہیں
ਤੰਨ ਦਾ ਮਾਸ ਖਵਾਈ ਰੱਖਣਾ ਸੌਖਾ ਨਹੀਂ
ਦਰਦਾਂ ਨਾਲ਼ ਬਣਾਈ ਰੱਖਣਾ ਸੌਖਾ ਨਹੀਂ

ਅੱਜ ਵੀ ਉਹਦੇ ਨਾਂ ਤੇ ਅੜੀਆਂ ਕਰਦਾ ਏ
ਕਮਲਾ ਮੰਨ ਪਰਚਾਈ ਰੱਖਣਾ ਸੌਖਾ ਨਹੀਂ

ਲੋਕਾਂ ਅੰਦਰ ਉੱਠਣਾ, ਬਹਿਣਾ, ਹੱਸਣਾ ਵੀ
ਆਪਣੀ ਪੀੜ ਲੁਕਾਈ ਰੱਖਣਾ ਸੌਖਾ ਨਹੀਂ

ਕਿਧਰੇ ਕਿਧਰੇ ਆਪਣੀ ਲੋੜ ਵੀ ਪੈਂਦੀ ਏ
ਅਪਣਾ ਆਪ ਭੁਲਾਈ ਰੱਖਣਾ ਸੌਖਾ ਨਹੀਂ

ਹਰ ਪਲ ਉਹਦੀ ਯਾਦ ਦੀ ਛਾਵੇਂ ਬਹਿ ਰਹਿਣਾ
ਇੱਕ ਤਸਵੀਰ ਬਣਾਈ ਰੱਖਣਾ ਸੌਖਾ ਨਹੀਂ

تیرے توں وکھ ہو کے عمر گزار لئی
ਤੇਰੇ ਤੋਂ ਵੱਖ ਹੋ ਕੇ ਉਮਰ ਗੁਜ਼ਾਰ ਲਈ
ਪੱਭਾਂ ਭਾਰ ਖਲੋ ਕੇ ਉਮਰ ਗੁਜ਼ਾਰ ਲਈ

ਤੇਰੇ ਮਗਰੋਂ ਸਭ ਨਾਲ਼ ਹੱਸ ਹੱਸ ਮਿਲਦੇ ਰਹੇ
ਅੰਦਰੋ ਅੰਦਰੀਂ ਰੋ ਕੇ ਉਮਰ ਗੁਜ਼ਾਰ ਲਈ

ਬੰਜਰ ਹੋਣ ਨਾ ਦਿੱਤਾ ਦਿਲ ਦੀ ਧਰਤੀ ਨੂੰ
ਨੈਣਾਂ ਦੇ ਖੂਹ ਜੋ ਕੇ ਉਮਰ ਗੁਜ਼ਾਰ ਲਈ

ਪਿਛਲੇ ਕਮਰੇ ਅੰਦਰ ਵੜ ਕੇ ਬੈਠੇ ਰਹੇ
ਦਿਲ ਦਾ ਬੂਹਾ ਢੋ ਕੇ ਉਮਰ ਗੁਜ਼ਾਰ ਲਈ

ਜ਼ਾਹਿਰ ਹੋਣ ਨਾ ਦਿੱਤਾ ਦਿਲ ਦੀਆਂ ਭੇਦਾਂ ਨੂੰ
ਅਪਣਾ ਆਪ ਲੁਕੋ ਕੇ ਗੁਜ਼ਾਰ ਲਈ

ਗਿਣਤੀ ਦੇ ਕੁਝ ਸਾਹ ਪਏ ਪੂਰੇ ਕਰਨੇ ਆਂ
ਉਂਝ ਤੇ ਅਸਾਂ ਚਰੋਕੇ ਉਮਰ ਗੁਜ਼ਾਰ ਲਈ

توں جے میری تھاویں ہوندا

## ਤੂੰ ਜੇ ਮੇਰੀ ਥਾਵੇਂ ਹੁੰਦਾ!

ਮੈਨੂੰ ਮੰਦਾ ਕਹਿਣ ਤੋਂ ਪਹਿਲੇ
ਮੇਰੀ ਥਾਵੇਂ ਆਪ ਖਲੋ ਕੇ
ਮੁਨਸਫ਼ ਬਣ ਕੇ ਸੋਚ ਜ਼ਰਾ
ਪੱਟੀ ਬੰਨ੍ਹ ਕੇ ਅੱਖੀਆਂ ਉਤੇ ਗ਼ਰਜ਼ਾਂ ਦੀ
ਮੈਂ ਤੇਰੀ ਬੇ ਲੌਸ ਮੁਹੱਬਤ ਦੇ ਬਦਲੇ
ਤੇਰੇ ਮਾਣ ਮੁਹੱਬਤਾਂ ਦੇ ਸਿਰ ਘੱਟਾ ਪਾ ਕੇ
ਪਿਆਰ ਵਫ਼ਾ ਦੀਆਂ ਕਸਮਾਂ ਖਾਂਦਾ
ਟੁਰਦੇ ਟੁਰਦੇ
ਤੇਥੋਂ ਅਪਣਾ ਹੱਥ ਛੁਡਾ ਕੇ
ਇਕ ਸੁੰਨਸਾਨ ਜਿਹੇ ਰਸਤੇ ਅੰਦਰ
ਤੈਨੂੰ ਰੋਂਦਾ ਧੋਂਦਾ ਛੱਡਕੇ
ਕਲ੍ਹਿਆਂ ਨੂੰ
ਆਪਣੇ ਵੱਲੋਂ ਤੋੜ ਹਯਾਤੀ
ਮੁੜ ਨਾ ਪਰਤ ਕੇ ਦੇ ਆਵਣ ਦੇ ਲਈ
ਹੋਰ ਕਿਸੇ ਦੀ ਖ਼ਾਤਿਰ ਕਿਧਰੇ ਟੁਰ ਜਾਂਦਾ
ਸੱਚ ਸੱਚ ਦੱਸੀਂ!
ਤੈਨੂੰ ਸੱਚੇ ਰੱਬ ਦੀ ਕਸਮੇ
ਝੂਠ ਨਾ ਬੋਲੀਂ

ਤੂੰ ਜੇ ਮੇਰੀ ਥਾਵੇਂ ਹੁੰਦਾ
ਤੂੰ ਕੀ ਕਰਦਾ?

ورھیاں دا جگراتا کیہ اے
ਵਰ੍ਹਿਆਂ ਦਾ ਜਗਰਾਤਾ ਕੀ ਏ
ਸਾਨੂੰ ਪੁੱਛ ਇਕਲਾਪਾ ਕੀ ਏ

ਤੇਰੇ ਮਗਰੋਂ ਚੈਨ ਜ਼ਰਾ ਨਹੀਂ
ਤੇਰੇ ਬਾਝ ਗਵਾਚਾ ਕੀ ਏ

ਤੂੰ ਸਾਡੇ ਲਈ ਸਾਰੀ ਦੁਨੀਆ
ਸਾਡੇ ਭਾਣੇ ਦੁਨੀਆ ਕੀ ਏ

ਬੱਸ ਇੱਕ ਤੇਰਾ ਹਿਜਰ ਏ ਨਹੀਂ ਤੇ
ਸਾਨੂੰ ਹੋਰ ਸਿਆਪਾ ਕੀ ਏ

ਹੁਣ ਤੂੰ ਦਿਲ ਚੋਂ ਲਹਿੰਦਾ ਕਿਓਂ ਨਹੀਂ
ਤੇਰਾ ਸਾਡਾ ਝਗੜਾ ਕੀ ਏ

ਦੋ ਤਿੰਨ ਕਸਮਾਂ ਤੇ ਕੁਝ ਸੁਫ਼ਨੇ
ਏਨੇ ਦੇ ਵਿਚ ਆਂਦਾ ਕੀ ਏ

ਡੁੱਬਦਾ ਦਿਲ ਤੇ ਡੁੱਬਦਾ ਸੂਰਜ
ਇਹ ਸੱਭ ਖੇਡ ਤਮਾਸ਼ਾ ਕੀ ਏ

ورکنگ لیڈی

# ਵਰਕਿੰਗ  ਲੇਡੀ!

ਦੂਰ ਕਿਸੇ ਅਣਜਾਣੇ ਦੇਸੋਂ
ਚਾਵਾਂ ਵਾਲੇ ਸਿਹਰੇ ਬਨ੍ਹ ਕੇ
ਸੱਧਰਾਂ  ਦਾ  ਮੁੱਲ ਪਾਵਣ ਦੇ ਲਈ
ਸੁੱਤੇ ਭਾਗ ਜਗਾਵਣ ਦੇ ਲਈ
ਘੋੜੀ ਬਹਿ ਆਵਣ ਵਾਲੇ
ਅਣ-ਵੇਖੇ ਸ਼ਹਿਜ਼ਾਦੇ ਦਾ
ਘਰ ਦੇ ਬੂਹੇ ਪਿੱਛੇ ਬਹਿ ਕੇ
ਰਸਤਾ ਵੇਖਣ ਵਾਲੀ ਲੜਕੀ
ਭੁੱਖ ਦੇ ਡਰ ਤੋਂ
ਅੱਜ ਆਪਣੀ ਮਜਬੂਰੀ ਪਾਰੋਂ
ਟੱਕਿਆਂ ਦੀ ਮਜ਼ਦੂਰੀ ਪਾਰੋਂ
ਆਪਣੀ ਹਰ ਇੱਕ ਰੀਝ ਮਿਟਾ ਕੇ
ਦਿਲ ਦੇ ਵੱਲੋਂ ਮੁੱਖ ਪਰਤਾ ਕੇ
ਘਰ ਦੇ ਬਾਕੀ ਜੀਆਂ ਦੇ ਸੰਗ
ਅਪਣਾ ਰਿਜ਼ਕ ਕਮਾਵਣ ਖ਼ਾਤਿਰ
ਡੰਗ ਦੀ ਰੋਟੀ ਖਾਵਣ ਖ਼ਾਤਿਰ
ਸ਼ਰਮ ਹਯਾਵਾਂ ਦੀ ਰਖਵਾਲੀ
ਘਰ ਦੇ ਬੂਹਿਓਂ ਬਾਹਰ ਨਿਕਲ ਕੇ
ਸੜਦੀ ਸ਼ਿਕਰ ਦੁਪਹਿਰਾਂ ਅੰਦਰ

ਸੜਕੇ ਆਣ ਖਲੋਤੀ ਏ
ਧੱਕੇ ਖਾਣ ਖਲੋਤੀ ਏ

یاراں نال بہاراں

ਯਾਰਾਂ ਨਾਲ਼ ਬਹਾਰਾਂ!

ਸ਼ਾਮਾਂ ਵੇਲੇ
ਜਦ ਕਦਾਈਂ ਫ਼ਾਰਗ਼ ਬਹਿਣਾ
ਸੋਚਦੇ ਕਬਰਸਤਾਨਾਂ ਅੰਦਰ
ਮੈਨੂੰ ਮੇਰੇ ਸੱਜਣ ਬੈਲੀ
ਅਕਸਰ ਚੇਤੇ ਆਂਦੇ ਨੀਂ
ਜਿਹਨਾਂ ਨੂੰ ਮੈਂ ਜਾਨ ਤੋਂ ਵੱਧ ਕੇ ਪਿਆਰਾ ਸਾਂ
ਜਿਹੜੇ ਮੇਰੇ ਨਾਲ਼ ਮਰਨ ਤੇ ਜੀਣ ਦਾ ਦਆਦਾ
ਕਰਦੇ ਸੀ
ਉਹੋ ਸਾਰੇ ਸੱਜਣ ਬੈਲੀ
ਆਪਣੇ ਕੌਲ ਕਰਾਰੋਂ  ਫਿਰ ਕੇ
ਏਸ ਦੁਨੀਆ ਦੀ ਭੀੜ ਚ ਮੈਨੂੰ ਪਿੱਛੇ ਛੱਡਕੇ
ਆਪਣੇ ਆਪਣੇ ਸੁਖ ਦੀ ਖ਼ਾਤਿਰ
ਮੇਰੇ ਬਾਝੋਂ, ਮੈਥੋਂ ਪਹਿਲੋਂ
ਆਪਣੀ ਆਪਣੀ ਨੁੱਕਰ ਮੱਲ ਕੇ
ਧਰਤੀ ਦੀ ਚਾਦਰ  ਦੇ ਥੱਲੇ
ਲੰਮੀ ਤਾਣ ਕੇ ਸੌਂ ਗਏ ਨੇਂ

اک سوال سبھناں لئ

## ਇੱਕ ਸਵਾਲ ਸਭਨਾਂ ਲਈ!

ਸਾਡੇ ਕੋਲ਼ ਕੀ ਸੀ ਤੇ ਹੁਣ ਕਾਹਦਾ ਕਾਲ਼ ਏ
ਸਮਝੋ ਤੇ ਸਭਨਾਂ ਦੇ ਲਈ ਇਹ ਸਵਾਲ ਏ
ਲੱਭੇ ਕਦੀ ਵੇਲ੍ਹ ਤੇ ਇਹ ਘੜੀ ਪਲ ਸੋਚਣਾ
ਕਿਸਰਾਂ ਦਾ ਮਾਜ਼ੀ ਸੀ ਤੇ ਕਿਸਰਾਂ ਦਾ ਹਾਲ ਏ

اک دن پرت کے آوےگا

## ਇੱਕ ਦਿਨ ਪਰਤ ਕੇ ਆਵੇਗਾ!

ਪਿਆਰ, ਮੁਹੱਬਤ,ਉਲਫ਼ਤ ਤੇ ਅਖ਼ਲਾਸ ਦੇ ਬਦਲੇ
ਆਪਣੇ ਸੁਖ ਤੇ ਚੈਨ ਦੀ ਖ਼ਾਤਿਰ
ਆਪਣੇ ਕੌਲ ਕਰਾਰ ਭੁਲਾ ਕੇ
ਅੱਧ ਪਚੱਦੇ ਰਾਹ ਵਿਚ ਮੈਨੂੰ
ਕਲ੍ਹਿਆਂ ਛੱਡਕੇ ਜਾਵਣ ਵਾਲਾ
ਮੇਰੀ ਖ਼ਾਤਿਰ! ਆਪ ਮੁਹਾਰੇ
ਅਪਣਾ ਸੁਖ ਤੇ ਚੈਨ ਗੰਵਾ ਕੇ
ਪੁੱਠਿਆਂ ਸਿੱਧੀਆਂ ਰਾਹਵਾਂ ਦੀ
ਤਕਲੀਫ਼ਾਂ ਕੱਟ ਕੇ
ਰੀਤਾਂ ਸਭ ਕੰਧਾਂ ਢਾ ਕੇ
ਵਰ੍ਹਿਆਂ ਮਗਰੋਂ
ਖ਼ਵਰੇ ਕਿਓਂ ਉਮੀਦ ਏ ਮੈਨੂੰ
ਇੱਕ ਦਿਨ ਪਰਤ ਆਵੇਗਾ

حیرت

## ਹੈਰਤ!

کدھرے وی نہیں ذکر وفا دا حیرت اے

ਕਿਧਰੇ ਵੀ ਨਹੀਂ ਜ਼ਿਕਰ ਵਫ਼ਾ ਦਾ ਹੈਰਤ ਏ
ਥਾਂ ਥਾਂ ਚਰਚਾ ਹਿਰਸ ਹਵਾ ਦਾ ਹੈਰਤ ਏ
ਆਪ ਬਣਾਏ ਬੁੱਤਾਂ ਕੋਲੋਂ ਡਰਦੇ ਨੇਂ
ਬੰਦਿਆਂ ਨੂੰ ਨਹੀਂ ਖ਼ੌਫ਼ ਖ਼ੁਦਾ ਦਾ ਹੈਰਤ ਏ

دو شعر

## ਦੋ ਸ਼ਿਅਰ

اپنی جِت دی خوشی نہیں اونی

ਆਪਣੀ ਜਿੱਤ ਦੀ ਖ਼ੁਸ਼ੀ ਨਹੀਂ ਓਨੀ
ਜਿੰਨਾ ਤੇਰੀ ਹਾਰ ਦਾ ਦੁੱਖ ਏ

ਤੇਰਾ ਦੁੱਖ ਬੱਸ ਤੇਰਾ ਈ ਦੁੱਖ ਨਹੀਂ
ਤੇਰਾ ਦੁੱਖ ਅਬਰਾਰ ਦਾ ਦੁੱਖ ਏ

دو شعر

ਦੋ ਸ਼ਿਅਰ

چانن ورگا کون کھڑا سی نھیرے چ

ਚਾਨਣ ਵਰਗਾ ਕੌਣ ਖੜ੍ਹਾ ਸੀ ਨ੍ਹੇਰੇ ਚ

ਖ਼ੁਸ਼ਬੂ ਦਾ ਇੱਕ ਹੜ੍ਹ ਆਇਆ ਵਿਹੜੇ ਚ

ਤੈਨੂੰ ਨਹੀਂ ਮੈਂ ਆਪਣੇ ਆਪ ਚਾਹਨਾ ਵਾਂ

ਮੈਨੂੰ ਅਪਣਾ ਆਪ ਏ ਦਿਸਦਾ ਤੇਰੇ ਚ

جد اوہ مُکھ پرتا جاندا اے

ਜਦ ਉਹ ਮੁੱਖ ਪਰਤਾ ਜਾਂਦਾ ਏ
ਕਮਲਾ ਦਿਲ ਕਮਲਾ ਜਾਂਦਾ ਏ

ਆ ਜਾਂਦਾ ਨਿੱਤ ਖ਼ਵਾਬ ਚ ਸਾਡੇ
ਨਿੱਤ ਸਾਨੂੰ ਟਰਖ਼ਾ ਜਾਂਦਾ ਏ

ਭਾਵੇਂ ਜਿੰਨੇ ਪਰਦੇ ਪਾਈਏ
ਦੁੱਖ ਮੂੰਹਾਂ ਤੇ ਆ ਜਾਂਦਾ ਏ

بِلا عنوان
## ਬਿਲਾ ਉਨਵਾਨ!

ਜੇਕਰ ਨਿਯਤ ਨਾ ਹੋਏ ਤੇ
ਦੋ ਕਦਮਾਂ ਦਾ ਪੈਂਡਾ ਵੀ
ਵਰ੍ਹਿਆਂ ਦੀ ਦੂਰੀ ਤੇ ਜਾ ਕੇ
ਮੁਕਦਾ ਏ

اک شعر

ਇਕ ਸ਼ਿਅਰ

اک دو گھٹ دی آسے رہے آں

ਇਕ ਦੋ ਘੁੱਟ ਦੀ ਆਸੇ ਰਹੇ ਆਂ

ਸਾਰੀ ਉਮਰ ਪਿਆਸੇ ਰਹੇ ਆਂ

اِک شعر

ਇਕ ਸ਼ਿਅਰ

مونہہ متھے توں بندے دسن فطرت پر حیواناں دی

ਮੂੰਹ ਮੱਥੇ ਤੋਂ ਬੰਦੇ ਦਿੱਸਣ ਫ਼ਿਤਰਤ ਪਰ ਹੈਵਾਨਾਂ ਦੀ

ਸ਼ਕਲਾਂ ਤੋਂ ਪਹਿਚਾਣ ਨਹੀਂ ਹੁੰਦੀ ਅੱਜਕਲ ਦੇ ਇਨਸਾਨਾਂ ਦੀ

اک شعر

ਇਕ ਸ਼ਿਅਰ

مڈھوں ای ساڈے چالے ہرنے والے سن
ਮੁਢੋਂ ਈ ਸਾਡੇ ਚਾਲੇ ਹਰਨੇ ਵਾਲੇ ਸਨ
ਸਾਰੀ ਖੇਡ ਮੁਕਾ ਕੇ ਚੇਤੇ ਆਇਆ ਏ

گیت

# ਗੀਤ

تیرے نیناں جیہے نین کتھے ہو ہون گے
ਤੇਰੇ ਨੈਣਾਂ ਜਿਹੇ ਨੈਣ ਕਿੱਥੇ ਹੋਰ ਹੋਣਗੇ
ਜਿਹੜੇ ਦਲ ਨਾਲ਼ ਖੈਹਿਣ ਕਿੱਥੇ ਹੋਰ ਹੋਣਗੇ

ਤੇਰੇ ਕਜਲੇ ਦੀ ਧਾਰ ਤੇਰੇ ਮੁੱਖ ਦੀ ਨਿਹਵਾਰ
ਤੇਰੀ ਟੋਰ ਦਾ ਵਕਾਰ ਤੇਰਾ ਹਾਰ ਤੇ ਸ਼ਿੰਗਾਰ
ਹੂਰਾਂ ਪਰੀਆਂ ਵੀ ਕਹਿਣ ਕਿੱਥੇ ਹੋਰ ਹੋਣਗੇ
ਤੇਰੇ ਨੈਣਾਂ ਜਿਹੇ ਨੈਣ ਕਿੱਥੇ ਹੋਰ ਹੋਣਗੇ
ਤੇਰਾ ਰੂਪ ਤੇਰਾ ਰੰਗ ਤੇਰੇ ਅੰਗ ਜਿਹਾ ਅੰਗ
ਵੀਣੀ ਪਤਲੀ ਪਤੰਗ ਤੇਰੀ ਵਿੰਗਾਂ ਦੀ ਸ਼ੜੰਗ
ਟੋਏ ਗਲ੍ਹਾਂ ਚ ਜੋ ਪੈਣ ਕਿੱਥੇ ਹੋਰ ਹੋਣਗੇ
ਤੇਰੇ ਨੈਣਾਂ ਜਿਹੇ ਨੈਣ ਕਿੱਥੇ ਹੋਰ ਹੋਣਗੇ

ਵੈਰੀ ਲੋਕਾਂ ਤੋਂ ਲੁਕਾ ਫੁੱਲ ਰਾਹਵਾਂ ਚ ਵਿਛਾ
ਤੈਨੂੰ ਅਪਣਾ ਬਣਾ ਸੁੱਤੇ ਭਾਗ ਜਗਾ
ਜਿਹੜੇ ਲੱਭਦੇ ਨੇਂ ਚੈਨ ਕਿੱਥੇ ਹੋਰ ਹੋਣਗੇ
ਤੇਰੇ ਨੈਣਾਂ ਜਿਹੇ ਨੈਣ ਕਿੱਥੇ ਹੋਰ ਹੋਣਗੇ

گیت

ਗੀਤ

چُپ دا جندرا کھول وے ماہیا

ਚੁੱਪ ਦਾ ਜਿੰਦਰਾ ਖੋਲ ਵੇ ਮਾਹੀਆ
ਮੂੰਹੋਂ ਕੁਝ ਤੇ ਬੋਲ ਵੇ ਮਾਹੀਆ

ਕਿਹੜੀ ਗ਼ਲਤੀ ਹੋ ਗਈ ਸਾਥੋਂ
ਕਿਹੜੀ ਹੋ ਗਈ ਝੋਲ ਵੇ ਮਾਹੀਆ

ਤੇਰੀ ਚੁੱਪ ਨਾਲ਼ ਰੱਬ ਦੀ ਕਸਮੇ
ਪੈਂਦੇ ਦਿਲ ਨੂੰ ਹੌਲ ਵੇ ਮਾਹੀਆ

ਲੱਭ ਕੋਈ ਸਾਡੀ ਪੀੜ ਦਾ ਦਾਰੂ
ਸਾਡੀਆਂ ਨਬਜ਼ਾਂ ਫੋਲ ਵੇ ਮਾਹੀਆ

ਤੂੰ ਰਾਂਝਾ ਮੈਂ ਹੀਰ ਆਂ ਤੇਰੀ
ਫ਼ਰਕ ਨਾ ਕੋਈ ਮੂਲ ਵੇ ਮਾਹੀਆ

# اک شعر

# ਇਕ ਸ਼ਿਅਰ

بھاویں دل لئی یاد تیری اک مرہم اے
ਭਾਵੇਂ ਦਿਲ ਲਈ ਯਾਦ ਤੇਰੀ ਇੱਕ ਮਰਹਮ ਏ
ਪਰ ਯਾਦ ਤੇਰੀ ਏ ਯਾਦ ਤੇਰੀ ਉਹ ਤੂੰ ਤੇ ਨਹੀਂ

اک شعر

ਇਕ ਸ਼ਿਅਰ

آکڑ بھّجی تے مڑ ویلا ویکھے گا

ਆਕੜ ਭੱਝੀ ਤੇ ਮੁੜ ਵੇਲਾ ਵੇਖੇਗਾ

ਮੈਂ ਉਹਨੂੰ ਉਹ ਮੈਨੂੰ ਵਾਜਾਂ ਮਾਰੇਗਾ

# قطعہ

# ਕਤਾਹ

سارى كرنى كيتى ميرے حدوں ودھ اِتباراں نے
ਸਾਰੀ ਕਰਨੀ ਕੀਤੀ ਮੇਰੇ ਹੱਦੋਂ ਵੱਧ ਇਤਬਾਰਾਂ ਨੇਂ
ਮੈਂ ਕਿਓਂ ਆਖਾਂ ਸਾਥ ਨਹੀਂ ਦਿੱਤਾ ਮੇਰਿਆਂ ਯਾਰਾਂ ਨੇਂ
ਭਰ ਨਹੀਂ ਸਕਦਾ ਵੇਲ਼ਾ ਵੀ ਫੱਟ ਲੱਗੇ ਤਿੱਖੀਆਂ ਗੱਲਾਂ ਦੇ
ਇਹ ਨਫ਼ਰਤ ਨਾਲ਼ ਭਰੀਆਂ ਹੋਈਆਂ ਜ਼ਹਿਰ ਦੀਆਂ ਤਲਵਾਰਾਂ ਨੇਂ

گیت

ਗੀਤ

ساون مینہہ دیاں جھڑیاں اڑیا

ਸਾਵਣ ਮੀਂਹ ਦੀਆਂ ਝੜੀਆਂ ਅੜਿਆ
ਨਾ ਕਰ ਏਡੀਆਂ ਅੜੀਆਂ ਅੜਿਆ

ਨਜ਼ਰ ਕਰਮ ਦੀ ਕਰ ਇੱਕ ਵਾਰੀ
ਤੂੰ ਜਿੱਤਿਆ ਤੇ ਮੈਂ ਆਂ ਹਾਰੀ
ਨੈਣਾਂ ਦੇ ਵਿਚ ਜੋਤ ਜਗਾ ਕੇ
ਮੰਗਤੀ ਬਣ ਕੇ ਖੜੀ ਆਂ ਅੜਿਆ
ਨਾ ਕਰ ਏਡੀਆਂ ਅੜੀਆਂ ਅੜਿਆ
ਹੌਲੀ ਹੌਲੀ ਹੋ ਗਈ ਕੱਲੀ
ਪਿਆਰ ਤੇਰੇ ਨੇਂ ਕੀਤਾ ਝੱਲੀ
ਤੇਰੀ ਖ਼ਾਤਿਰ ਪੂਰੇ ਜੱਗ ਨਾਲ਼
ਆਢਾ ਲਾ ਲੜੀ ਆਂ ਅੜਿਆ
ਨਾ ਕਰ ਏਡੀਆਂ ਅੜੀਆਂ ਅੜਿਆ

ਸ਼ਰਮ ਹਯਾ ਨਾਲ਼ ਮਰਦੀ ਜਾਵਾਂ
ਦਸ ਤੈਨੂੰ ਮੈਂ ਕਿੰਝ ਸਮਝਾਵਾਂ
ਨਾ ਕਰ ਕੇ ਝੂਠੀ ਜ਼ਿੱਦ ਵਿਚ ਜ਼ਾਅਇਆ
ਪਿਆਰ ਕਰਣ ਦੀਆਂ ਘੜੀਆਂ ਅੜਿਆ
ਸਾਵਣ ਮੀਂਹ ਦੀਆਂ ਝੜੀਆਂ ਅੜਿਆ

گیت

ਗੀਤ

خورے کیہڑا جادو کر گئی

ਖ਼ੋਰੇ ਕਿਹੜਾ ਜਾਦੂ ਕਰ ਗਈ ਜਾਂਦੀ ਵਾਰੀ ਨਜ਼ਰਾਂ ਨਾਲ਼
ਉਹਦੇ ਬਾਝੋਂ ਕੁਝ ਨਹੀਂ ਦਿਸਦਾ ਲੈ ਗਈ ਸਾਡੀਆਂ ਅੱਖੀਆਂ ਨਾਲ਼

ਉਹਦਾ ਹੁਸਨ ਮਿਸਾਲਾਂ ਵਰਗਾ
ਉਹਦਾ ਰੂਪ ਖ਼ਿਆਲਾਂ ਵਰਗਾ

ਉਹ ਇੱਕ ਹੁਸਨ ਦੀ ਮਲਿਕਾ ਏ ਤੇ ਉਹਦੀ ਨਿਸਬਤ ਪਰੀਆਂ ਨਾਲ਼
ਖ਼ੋਰੇ ਕਿਹੜਾ ਜਾਦੂ ਕਰ ਗਈ ਜਾਂਦੀ ਵਾਰੀ ਨਜ਼ਰਾਂ ਨਾਲ਼

ਉਹਦੇ ਮੁੱਖ ਤੇ ਨਜ਼ਰ ਨਾ ਠਹਿਰੇ
ਹੁਸਨ ਉਹਦੇ ਤੇ ਰੋਅਬ ਦੇ ਪਹਿਰੇ

ਝੰਗ ਦੀ ਹੀਰ ਸਿਆਲ਼ ਉਹ ਜਾਪੇ ਜਾਂਦੀ ਹੋਈ ਸਖੀਆਂ ਨਾਲ਼
ਉਹਦੇ ਬਾਝੋਂ ਕੁਝ ਨਹੀਂ ਦਿਸਦਾ ਲੈ ਗਈ ਸਾਡੀਆਂ ਅੱਖੀਆਂ ਨਾਲ਼

ਉਹ ਆਵੇ ਤੇ ਆਣ ਬਹਾਰ
ਤੱਕ ਤੱਕ ਉਹਦੀ ਨਜ਼ਰ ਉਤਾਰਾਂ

ਨਾ ਆਵੇ ਤੇ ਉਹਦੀ ਸੂਰਤ ਆਪ ਬਣਾਵਾਂ ਸੋਚਾਂ ਨਾਲ਼ਾ
ਖ਼ਵਰੇ ਕਿਹੜਾ ਜਾਦੂ ਕਰ ਗਈ ਜਾਂਦੀ ਵਾਰੀ ਨਜ਼ਰਾਂ ਨਾਲ਼

اک شعر

ਇਕ ਸ਼ਿਅਰ

چنگے طور طریقے چھڈ کے زہری ہوندی
جاندے                                    نیں

ਚੰਗੇ ਤੌਰ ਤਰੀਕੇ ਛੱਡ ਕੇ ਜ਼ਹਿਰੀ ਹੁੰਦੇ ਜਾਂਦੇ ਨੇਂ
ਹੌਲੀ ਹੌਲੀ ਪਿੰਡਾਂ ਵਾਲੇ ਸ਼ਹਿਰੀ  ਹੁੰਦੇ ਜਾਂਦੇ ਨੇਂ

اک شعر

ਇਕ ਸ਼ਿਅਰ

بُلھاں اُتے مار لئے جندرے

ਬੁੱਲ੍ਹਾਂ ਉਤੇ ਮਾਰ ਲਏ ਜਿੰਦਰੇ ਸੀ ਨਹੀਂ ਕੀਤਾ

ਦੋ ਘੜੀਆਂ ਲਈ ਜੀਣ ਦੀ ਖ਼ਾਤਿਰ ਕੀ ਨਹੀਂ ਕੀਤਾ

اک شعر

ਇਕ ਸ਼ਿਅਰ

ہنجو اوہدیاں سُرخی مائل اکھیاں وچ

ਹੰਝੂ ਉਹਦੀਆਂ ਸੁਰਖ਼ੀ ਮਾਇਲ ਅੱਖੀਆਂ ਵਿਚ

ਪਾਣੀ ਅੰਦਰ ਦੀਵੇ ਬਲਦੇ ਵੇਖੇ ਨੇਂ

قطعہ

ਕਤਾਹ

کدی ہس ہس کے کدی رو رو کے

ਕਦੀ ਹੱਸ ਹੱਸ ਕੇ ਕਦੀ ਰੋ ਰੋ ਕੇ ਅਸੀ ਜ਼ਹਿਰ ਗ਼ਮਾਂ ਦਾ ਪੀਂਦੇ ਰਹੇ
ਕਈ ਸਾਡੇ ਵਰਗੇ ਮਰ ਖੱਪ ਗਏ,ਸਾਡੀ ਹਿੰਮਤ ਸੀ ਅਸੀ ਜੀਂਦੇ ਰਹੇ
ਬੱਸ ਗੁਜ਼ਰ ਗਈ ਹੁਣ ਕੀ ਦੱਸਾਂ ਗੱਲ ਲੀਰੋ ਲੀਰ ਹਯਾਤੀ ਦੀ
ਅਸੀ ਰੁਝੇ ਰਹੇ ਇਹਨਾਂ ਲੀਰਾਂ ਵਿਚ ਇਹੋ ਪਾਟੀਆਂ ਲੀਰਾਂ ਸੀਂਦੇ ਰਹੇ

## قطعہ

## ਕਤਾਹ

جیہڑا اکھیاں لا کے پھیر لوے

ਜਿਹੜਾ ਅੱਖੀਆਂ ਲਾਕੇ ਫੇਰ ਲਵੇ ਉਹਦੀ ਗੱਲ ਦਾ ਸ਼ਿਕਵਾ ਕੀ ਕਰਨਾ
ਗੱਲ ਅੱਜ ਦੀ ਕਰੀਏ ਅੱਜ ਦੇ ਨਾਲ਼ ਗਈ ਕੱਲ੍ਹ ਦਾ ਸ਼ਿਕਵਾ ਕੀ ਕਰਨਾ
ਜਦ ਇਸ਼ਕ ਦੇ ਔਖੇ ਰਸਤੇ ਤੇ ਅੱਖਾਂ ਮੀਟ ਕੇ ਪੈਰ ਵਧਾ ਲਈਏ
ਫ਼ਿਰ ਸੜਦੀ ਰੇਤ ਦਾ ਰੌਣਾ ਕੀ ਫ਼ਿਰ ਥਲ ਦਾ ਸ਼ਿਕਵਾ ਕੀ ਕਰਨਾ

دیس دی نذر

# ਦੇਸ ਦੀ ਨਜ਼ਰ

ایہہ جو پاکستان دی گل اے
ਇਹ ਜੋ ਪਾਕਿਸਤਾਨ ਦੀ ਗੱਲ ਏ
ਸਾਡੇ ਦੀਨ ਈਮਾਨ ਦੀ ਗੱਲ ਏ

ਮੈਂ ਤੇ ਪਾਕਿਸਤਾਨ ਇਹ ਮੇਰਾ
ਜਿਵੇਂ ਜਿੰਦ ਤੇ ਜਾਨ ਦੀ ਗੱਲ ਏ

ਓਥੇ ਸਾਡੀ ਜਾਨ ਵੀ ਹਾਜ਼ਿਰ
ਜਿਥੇ ਪਾਕਿਸਤਾਨ ਦੀ ਗੱਲ ਏ

ਦੇਸ ਅਸਾਡਾ ਸਭ ਤੋਂ ਸੋਹਣਾ
ਇਹ ਰੱਬ ਦੇ ਅਹਿਸਾਨ ਦੀ ਗੱਲ ਏ

ਪਾਕਿਸਤਾਨ ਦਾ ਉੱਚਾ ਝੰਡਾ
ਦੇਸ ਦੀ ਉੱਚੀ ਸ਼ਾਨ ਦੀ ਗੱਲ ਏ

دو شعر

## ਦੋ ਸ਼ਿਅਰ

متھے اتے اکھاں رکھ کے غرض سجائی پھردے نیں

ਮੱਥੇ ਉੱਤੇ ਅੱਖਾਂ ਰੱਖ ਕੇ ਗ਼ਰਜ਼ ਸਜਾਈ ਫਿਰਦੇ ਨੇਂ
ਗ਼ਰਜ਼ਾਂ ਵਾਲੇ ਬੇਸ਼ਰਮੀ ਦੀ ਹੱਦ ਮੁਕਾਈ ਫਿਰਦੇ ਨੇਂ
ਹੱਦੋਂ ਵੱਧ ਐਤਮਾਦ ਦੇ ਮਾਰੇ ਇਹ ਪਾਗਲ ਤੇ ਝੱਲੇ ਲੋਕ
ਹਰ ਮਸਲੇ ਹਰ ਸੋਚ ਨੂੰ ਪਲ ਪਲ ਖੇਡ ਬਣਾਈ ਫਿਰਦੇ ਨੇਂ

دو شعر

ਦੋ ਸ਼ਿਅਰ

جیکر دل وچ مقصد ہووے

ਜੇਕਰ ਦਿਲ ਵਿਚ ਮਕਸਦ ਹੋਵੇ ਹੋਰਾਂ ਦੀ ਭਲਿਆਈ ਦਾ
ਥੁੜਾਂ ਤੇ ਨੁਕਸਾਨਾਂ ਤੋਂ ਫ਼ਿਰ ਰੱਤੀ ਨਹੀਂ ਘਬਰਾਈ ਦਾ
ਜਦ ਤੱਕ ਸੱਜਣਾਂ ਦਿਲ ਦੇ ਅੰਦਰ ਪੀੜ ਨਾ ਮਾਰੇ ਠਾਠਾਂ
ਐਂਵੇਂ ਹੱਥ ਵਿਚ ਮੁਰਲੀ ਫੜ ਕੇ ਰਾਂਝਾ ਨਹੀਂ ਬਣ ਜਾਈਦਾ

وقت کسے دا سگا نہیں
ਵਕਤ ਕਿਸੇ ਦਾ ਸਿੱਕਾ ਨਹੀਂ!

ਜੇ ਅੱਜ ਤੈਨੂੰ ਵਕਤ ਨੇ ਉੱਚਾ ਕਰ ਦਿੱਤਾ ਏ
ਵਕਤ ਤੇ ਏਡਾ ਮਾਣ ਨਾ ਕਰ
ਵਕਤ ਕਿਸੇ ਦਾ ਸੱਕਾ ਨਹੀਂ

جیندے رہے تے فیر ملاں گے
ਜੀਂਦੇ ਰਹੇ ਤੇ ਫ਼ੇਰ ਮਿਲਾਂਗੇ!

ਕੀ ਹੋਇਆ ਜੇ ਸਾਡੇ ਰਸਤੇ
ਹੋ ਗਏ ਨੇਂ ਅੱਜ ਵੱਖੋ ਵੱਖ
ਦਿਲ ਵਿਚ ਰੱਖ ਨਾ ਕੱਖ ਮਲਾਲ
ਹੁਣ ਜੇ ਨਹੀਂ ਤੇ ਅਗਲੇ ਸਾਲ
ਅਗਲੇ ਨਹੀਂ ਤੇ ਅਗਲੇ ਸਾਲ
ਯਾਂ ਫ਼ਿਰ ਉਸ ਤੋਂ ਅਗਲੇ ਸਾਲ
ਏਸ ਦੁਨੀਆ ਦੀ ਜਿਹੜੀ ਨੁੱਕਰੇ
ਭਾਵੇਂ ਜਿਹੜੀ ਥਾਵੇਂ ਹੋਈਏ
ਜੀਂਦੇ ਰਹੇ ਤੇ ਫ਼ੇਰ ਮਿਲਾਂਗੇ